


ਰੋਜ਼ਾਨਾ
ਸੱਚ ਤੇ ਨਿਡਰ ਆਵਾਜ

# ਲੋਕ ਬਾਣੀ

Email : lokbani08@gmail.com
8 ਫਰਵਰੀ 2023
ਮੁੱਖ ਸੰਪਾਦਕ : - ਅਮਨ ਮਹਿਰਾ (ਜਲੰਧਰ)




R.N.I. /Punpun/29016/2008/ • ਸਾਲ : 15 • ਅੰਕ : 41 • ਮੁੱਲ : 5.00 ਰੁਪਏ • ਕੁੱਲ ਪੇਜ : 10 • ਫੈਕਸ: 0181-2211009, 99155-94111

## ਅਮਰੀਕਾ ਵਿੱਚ ਭਾਰਤੀ ਵਿਦਿਆਰਥੀ ਦਾ ਗੋਲੀਆਂ ਮਾਰ ਕੀਤਾ ਗਿਆ ਕਤਲ



**ਹੈਦਰਾਬਾਦ/ਵਾਸ਼ਿੰਗਟਨ/ਲੋਕ ਬਾਣੀ**

ਅਮਰੀਕਾ ਤੋਂ ਇਕ ਦੁੱਖਦਾਇਕ ਖ਼ਬਰ ਸਾਹਮਣੇ ਆਈ ਹੈ। ਇੱਥੇ ਤੇਲੰਗਾਨਾ ਦੇ ਇੱਕ ਵਿਦਿਆਰਥੀ ਦੀ ਉਸ ਸਮੇਂ ਮੌਤ ਹੋ ਗਈ, ਜਦੋਂ ਉਸ ਤੋਂ ਹੱਥ ਵਿਚ ਫੜੀ ਬੰਦੂਕ ਅਚਾਨਕ ਚਲ ਪਈ। ਉਸ ਦੇ ਪਰਿਵਾਰ ਨੇ ਇਹ ਜਾਣਕਾਰੀ ਦਿੱਤੀ। ਸੋਮਵਾਰ ਰਾਤ (ਸਥਾਨਕ ਸਮੇਂ ਅਨੁਸਾਰ) ਅਲਬਾਮਾ ਰਾਜ ਦੇ ਔਬਰਨ ਵਿੱਚ ਵਾਪਰੀ ਇਸ ਘਟਨਾ ਵਿੱਚ ਖੰਮਮ ਜ਼ਿਲੇ ਦੇ 25 ਸਾਲਾ ਮਹਾਂਕਾਲੀ ਅਖਿਲ ਸਾਈ ਦੀ ਮੌਤ ਹੋ ਗਈ। ਸਾਈਂ ਕਰੀਬ 13 ਮਹੀਨੇ ਪਹਿਲਾਂ ਅਮਰੀਕਾ ਗਿਆ ਸੀ ਅਤੇ ਔਬਰਨ ਯੂਨੀਵਰਸਿਟੀ ਵਿੱਚ ਐਮ.ਐਸ. ਦੀ ਪੜਾਈ ਕਰ ਰਿਹਾ ਸੀ। ਉਹ ਨੇੜਲੇ ਗੈਸ ਸਟੇਸ਼ਨ 'ਤੇ ਪਾਰਟ ਟਾਈਮ ਨੌਕਰੀ ਵੀ ਕਰਦਾ ਸੀ।ਉਸ ਦੇ ਪਰਿਵਾਰ ਤੱਕ ਪਹੁੰਚੀ ਜਾਣਕਾਰੀ ਅਨੁਸਾਰ ਉਸ ਨੇ ਸੁਰੱਖਿਆ ਗਾਰਡ ਦੀ ਬੰਦੂਕ ਚੁੱਕੀ ਅਤੇ ਹੱਥਾਂ ਵਿਚ ਫੜ ਕੇ ਉਸ ਨੂੰ ਨੇੜਿਓਂ ਦੇਖ ਰਿਹਾ ਸੀ, ਜਦੋਂ ਇਹ ਅਚਾਨਕ ਗ਼ਲਤੀ ਨਾਲ ਚਲ ਪਈ। ਗੋਲੀ ਉਸ ਦੇ ਸਿਰ ਵਿੱਚ ਲੱਗੀ। ਗੈਸ ਸਟੇਸ਼ਨ ਦੇ ਕਰਮਚਾਰੀਆਂ ਨੇ ਉਸ ਨੂੰ ਹਸਪਤਾਲ ਪਹੁੰਚਾਇਆ, ਜਿੱਥੇ ਉਸ ਨੇ ਦਮ ਤੋੜ ਦਿੱਤਾ। ਨੌਜਵਾਨ ਖੰਮਮ ਜ਼ਿਲੇ ਦੇ ਮਧੀਰਾ ਸ਼ਹਿਰ ਦਾ ਰਹਿਣ ਵਾਲਾ ਸੀ। ਸੂਚਨਾ ਮਿਲਣ 'ਤੇ ਉਸ ਦਾ ਪਰਿਵਾਰ ਸਦਮੇ ਵਿਚ ਹੈ। ਪਰਿਵਾਰ ਨੇ ਭਾਰਤ ਸਰਕਾਰ ਤੋਂ ਮ੍ਰਿਤਕ ਦੇਹ ਨੂੰ ਘਰ ਲਿਆਉਣ ਲਈ ਮਦਦ ਦੀ ਮੰਗ ਕੀਤੀ ਹੈ।



## 137 ਵਿਦਿਆਰਥੀ ਖਰਾਬ ਖਾਣੇ ਨਾਲ ਹੋਏ ਬਿਮਾਰ, ਹਸਪਤਾਲ ਭਰਤੀ



**ਮੰਗਲੁਰੂ/ਲੋਕ ਬਾਣੀ**

ਕਰਨਾਟਕ ਦੇ ਮੰਗਲੂਰੂ ਦੇ ਵਿੱਚ ਇੱਕ ਨਿੱਜੀ ਹੋਸਟਲ ਦੇ ਵਿੱਚ ਰਹਿ ਰਹੇ 137 ਨਰਸਿੰਗ ਅਤੇ ਪੈਰਾ-ਮੈਡੀਕਲ ਵਿਦਿਆਰਥੀਆਂ ਦੇ ਖਰਾਬ ਭੋਜਨ ਖਾਣ ਦੇ ਕਾਰਨ ਬਿਮਾਰ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਜ਼ਹਿਰੀਲਾ ਖਾਣਾ ਖਾਣ ਦੇ ਕਾਰਨ ਬਿਮਾਰ ਹੋਏ ਸਾਰੇ ਵਿਦਿਆਰਥੀਆਂ ਨੂੰ ਹਸਪਤਾਲ ਦੇ ਵਿੱਚ ਭਰਤੀ ਕਰਵਾਇਆ ਗਿਆ ਹੈ।ਹਾਲਾਂਕਿ ਬਿਮਾਰ ਵਿਦਿਆਰਥੀਆਂ ਦੇ ਵਿੱਚੋਂ ਕੁਝ ਵਿਦਿਆਰਥੀਆਂ ਦੀ ਹਾਲਤ ਬੇਹੱਦ ਨਾਜ਼ੁਕ ਦੱਸੀ ਜਾ ਰਹੀ ਹੈ। ਸਿਟੀ ਪੁਲਿਸ ਕਮਿਸ਼ਨਰ ਐਨ. ਸ਼ਸ਼ੀ ਕੁਮਾਰ ਨੇ ਜਾਣਕਾਰੀ ਦਿੰਦਿਆਂ ਇਹ ਦੱਸਿਆ ਹੈ ਕਿ ਵਿਦਿਆਰਥੀਆਂ ਨੂੰ ਸ਼ਹਿਰ ਦੇ ਵੱਖ-ਵੱਖ ਹਸਪਤਾਲਾਂ ਦੇ ਵਿੱਚ ਭਰਤੀ ਕਰਾ ਦਿੱਤਾ ਗਿਆ ਹੈ ।

## ਇਕ ਹੋਰ ਪੰਜਾਬੀ ਨੌਜਵਾਨ ਦੀ ਆਸਟ੍ਰੇਲੀਆ ਚ ਹੋਈ ਮੌਤ

**ਗੁਰਾਇਆ (ਮੁਨੀਸ਼) :** ਗੁਰਾਇਆ ਦੇ ਰਹਿਣ ਵਾਲੇ ਨੌਜਵਾਨ ਦਿਨੇਸ਼ ਕੁਮਾਰ ਭੌਂਸਲੇ (37) ਪੁੱਤਰ ਸਤਪਾਲ ਭੌਂਸਲੇ ਦੀ ਆਸਟ੍ਰੇਲੀਆ ਵਿਖੇ ਮੌਤ ਹੋ ਜਾਣ ਦਾ ਦੁਖ਼ਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਮੁਤਾਬਕ 27 ਜਨਵਰੀ 2023 ਨੂੰ ਦਿਨੇਸ਼ ਕੁਮਾਰ ਦੀ ਸੰਖੇਪ ਬੀਮਾਰੀ ਪਿੱਛੋਂ ਮੌਤ ਹੋ ਗਈ ਸੀ। ਦਿਨੇਸ਼ ਕੁਮਾਰ ਦੀ ਮ੍ਰਿਤਕ ਦੇਹ ਭਾਰਤ ਪਹੁੰਚ ਗਈ ਹੈ ਅਤੇ ਭਲਕੇ ਉਸ ਦਾ ਅੰਤਿਮ ਸਸਕਾਰ ਗੁਰਾਇਆ ਦੇ ਸ਼ਮਸ਼ਾਨਘਾਟ ਵਿਖੇ ਦੁਪਹਿਰ 12 ਵਜੇ ਕੀਤਾ ਜਾਵੇਗਾ। ਦੱਸ ਦੇਈਏ ਕਿ ਮ੍ਰਿਤਕ ਨੌਜਵਾਨ ਦਿਨੇਸ਼ ਦੋ ਭੈਣਾਂ ਦਾ ਇਕਲੌਤਾ ਭਰਾ ਸੀ ਅਤੇ ਉਹ ਆਪਣੇ ਪਿੱਛੇ ਪਤਨੀ ਅਤੇ ਮੁੰਡੇ ਨੂੰ ਛੱਡ ਗਿਆ ਹੈ। ਦਿਨੇਸ਼ ਕੁਮਾਰ ਕਾਂਗਰਸੀ ਆਗੂ ਅੰਮ੍ਰਿਤ ਭੌਂਸਲੇ ਦੇ ਚਾਚਾ ਜੀ ਦਾ ਮੁੰਡਾ ਸੀ।

## ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਪਹੁੰਚੇ ਹਜ਼ਾਰਾਂ ਮੁਲਾਜ਼ਮ

**ਸੰਗਰੂਰ/ਲੋਕ ਬਾਣੀ**

ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਰਿਹਾਇਸ਼ ਨੂੰ ਅੱਜ ਪਾਵਰਕਮ ਅਤੇ ਟਰਾਂਸਕੋ ਦੇ ਠੇਕਾ ਮੁਲਾਜਮਾਂ ਵਲੋਂ ਘੇਰਾ ਪਾਇਆ ਹੋਇਆ ਹੈ । ਸੈਂਕੜਿਆਂ ਦੀ ਤਾਦਾਦ ਵਿਚ ਇਕੱਤਰ ਹੋਏ ਠੇਕਾ ਮੁਲਾਜਮਾਂ ਵਲੋਂ ਪੰਜਾਬ ਸਰਕਾਰ ਉੱਤੇ ਵਾਅਦਾ ਖ਼ਿਲਾਫ਼ੀ ਦਾ ਦੋਸ਼ ਲਗਾਇਆ ਜਾ ਰਿਹਾ ਹੈ ।

## ਦੇਸ਼ ਦੇ ਰਾਸ਼ਟਰਪਤੀ ਮਿਲਿਆ ਭੂਟਾਨ ਦਾ ਸੰਸਦੀ ਵਫਦ



**ਦਿੱਲੀ/ਕਪੂਰ**

ਭੂਟਾਨ ਦੀ ਨੈਸ਼ਨਲ ਅਸੈਂਬਲੀ ਦੇ ਸਪੀਕਰ ਵਾਂਗਚੁਕ ਨਾਮਗਾਇਲ ਦੀ ਅਗਵਾਈ ਵਿਚ ਭੂਟਾਨ ਦੇ ਇਕ ਸੰਸਦੀ ਵਫ਼ਦ ਨੇ ਅੱਜ ਰਾਸ਼ਟਰਪਤੀ ਭਵਨ ਵਿਖੇ ਭਾਰਤ ਦੇ ਰਾਸ਼ਟਰਪਤੀ ਦਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ।

## ਤੁਰਕੀ 'ਚ ਆਏ ਭੁਚਾਲ ਕਾਰਨ ਕਈ ਪ੍ਰਾਂਤਾਂ ਵਿੱਚ ਐਮਰਜੈਂਸੀ ਦੀ ਘੋਸ਼ਣਾ

**ਅੰਕਾਰਾ/ਲੋਕ ਬਾਣੀ**

ਤੁਰਕੀ ਦੀ ਅਨਾਦੋਲੂ ਨਿਊਜ਼ ਏਜੰਸੀ ਨੇ ਰਾਸ਼ਟਰਪਤੀ ਰੇਸੇਪ ਤੈਯਪ ਏਰਦੋਗਨ ਦੇ ਹਵਾਲੇ ਨਾਲ ਰਿਪੋਰਟ ਦਿੱਤੀ ਕਿ



ਰਾਸ਼ਟਰਪਤੀ ਨੇ ਭੁਚਾਲ ਦੇ ਝਟਕਿਆਂ ਨਾਲ ਪ੍ਰਭਾਵਿਤ 10 ਪ੍ਰਾਂਤਾਂ ਵਿਚ 3 ਮਹੀਨਿਆਂ ਦੀ ਐਮਰਜੈਂਸੀ ਦੀ ਘੋਸ਼ਣਾ ਕੀਤੀ ਹੈ।

## ਬਿਹਾਰ 'ਚ ਪ੍ਰੋਗਰਾਮ ਦੌਰਾਨ ਚੱਲੀ ਗੋਲੀ, 1 ਦੀ ਮੌਤ

**ਪਟਨਾ/ਲੋਕ ਬਾਣੀ**

ਨਾਲੰਦਾ ਦੇ ਪਰਮਾਨੰਦ ਬੀਘਾ ਪਿੰਡ 'ਚ ਜਨਮ ਦਿਨ ਦੀ ਪਾਰਟੀ ਦੌਰਾਨ ਬੰਦਿਆਂ ਦੇ ਗੈਂਗ ਵਲੋਂ 10-15 ਰਾਊਂਡ ਗੋਲੀਆਂ ਚਲਾਉਣ ਨਾਲ ਇਕ ਸਾਲ ਦੇ ਬੱਚੇ ਦੀ ਮੌਤ ਹੋ ਗਈ। ਸਦਰ ਦੇ ਡੀ. ਐਸ. ਪੀ ਨੇ ਦੱਸਿਆ ਕਿ ਪੁਲਿਸ ਵਲੋਂ ਮੌਕੇ 'ਤੇ ਪਹੁੰਚ ਕੇ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।





## ਰਾਹੁਲ ਬੋਲੇ ਮੋਦੀ ਤੇ ਅਡਾਨੀ ਮਿਲ ਕੇ ਕੰਮ ਕਰ ਰਹੇ ਹਨ

**ਦਿੱਲੀ/ਕਪੂਰ**

ਲੋਕ ਸਭਾ ਵਿਚ ਕਾਂਗਰਸ ਸਾਂਸਦ ਰਾਹੁਲ ਗਾਂਧੀ ਨੇ ਕਿਹਾ ਕਿ ਅਡਾਨੀ ਨੇ 20 ਸਾਲਾਂ 'ਚ ਭਾਜਪਾ ਨੂੰ ਕਿੰਨਾ ਪੈਸਾ ਦਿੱਤਾ ? ਉਨਾਂ ਕਿਹਾ ਕਿ ਪਹਿਲਾਂ ਮੋਦੀ ਅਡਾਨੀ ਦੇ ਜਹਾਜ਼ 'ਚ ਜਾਂਦੇ ਸਨ, ਹੁਣ ਅਡਾਨੀ ਮੋਦੀ ਦੇ ਜਹਾਜ਼ 'ਚ ਜਾਂਦੇ ਹਨ। ਮੋਦੀ ਅਤੇ ਅਡਾਨੀ ਮਿਲ ਕੇ ਕੰਮ ਕਰ ਰਹੇ ਹਨ।

## 3 ਦਿਨ ਦੇ ਰਿਮਾਂਡ 'ਤੇ ਧਰਮਸੋਤ ਸਾਬਕਾ ਮੰਤਰੀ



**ਚੰਡੀਗੜ/ਵਿਨੋਦ ਸ਼ਰਮਾ**

ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿਚ ਪੰਜਾਬ ਵਿਜੀਲੈਂਸ ਵਲੋਂ ਗ੍ਰਿਫ਼ਤਾਰ ਕੀਤੇ ਗਏ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਅੱਜ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਸਾਧੂ ਸਿੰਘ ਧਰਮਸੋਤ ਨੂੰ ਤਿੰਨ ਦਿਨਾਂ ਦੇ ਲਈ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ। ਅਦਾਲਤ ਵਿਚ ਪਹੁੰਚੇ ਸਾਧੂ ਸਿੰਘ ਧਰਮਸੋਤ ਨਾਲ ਜਦੋਂ ਮੀਡੀਆ ਨੇ ਗੱਲਬਾਤ ਕੀਤੀ ਤਾਂ ਉਨਾਂ ਕਿਹਾ ਕਿ ਉਹ ਸਭ ਕੁਝ ਅਦਾਲਤ ਵਿਚ ਕਹਿਣਗੇ।

ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਂਕ ਜਲੰਧਰ 99155-94111

# ਜ਼ਿਲ੍ਹਾ ਪ੍ਰਸ਼ਾਸਨ ਨੇ ਪਿੰਡ ਸਿਧਵਾਂ ਵਿਖੇ ਜਨ ਸੁਵਿਧਾ ਕੈਂਪ ਲਗਾਇਆ

## ਐੱਸ.ਡੀ.ਐੱਮ. ਗੁਰਦਾਸਪੁਰ ਦੀ ਅਗਵਾਈ ਹੇਠ ਅਧਿਕਾਰੀਆਂ ਨੇ ਪਿੰਡ ਵਾਸੀਆਂ ਦੀਆਂ ਮੁਸ਼ਕਲਾਂ ਸੁਣੀਆਂ

**ਗੁਰਦਾਸਪੁਰ/ਨਵਨੀਤ ਕੁਮਾਰ**

ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਨ-ਸੁਵਿਧਾ ਕੈਂਪ ਲਗਾਉਣ ਦਾ ਸਿਲਸਲਾ ਜਾਰੀ ਹੈ ਜਿਸ ਤਹਿਤ ਅੱਜ ਤਹਿਸੀਲ ਗੁਰਦਾਸਪੁਰ ਦੇ ਪਿੰਡ ਸਿਧਵਾਂ ਵਿਖੇ ਪ੍ਰਸ਼ਾਸਨ ਵੱਲੋਂ ਜਨ-ਸੁਵਿਧਾ ਕੈਂਪ ਲਗਾਇਆ ਗਿਆ। ਐੱਸ.ਡੀ.ਐੱਮ. ਗੁਰਦਾਸਪੁਰ ਸ੍ਰੀਮਤੀ ਅਮਨਦੀਪ ਕੌਰ ਘੁੰਮਣ ਦੀ ਅਗਵਾਈ ਹੇਠ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਜਨ ਸੁਵਿਧਾ ਕੈਂਪ ਵਿੱਚ ਹਿੱਸਾ ਲੈ ਕੇ ਪਿੰਡ ਵਾਸੀਆਂ ਨੂੰ ਬੁਢਾਪਾ ਪੈਨਸ਼ਨ ਸਮੇਤ ਹੋਰ ਪੈਨਸ਼ਨਾਂ, ਲੇਬਰ ਵਿਭਾਗ ਨਾਲ ਸਬੰਧਤ ਸੇਵਾਵਾਂ, ਮਾਲ ਵਿਭਾਗ ਨਾਲ ਸਬੰਧਤ ਕੰਮਾਂ ਸਮੇਤ ਹੋਰ ਵਿੱਤੀ ਸਹਾਇਤਾ ਸਕੀਮਾਂ ਦੇ ਨਾਲ-ਨਾਲ ਸਾਰੇ ਵਿਭਾਗਾਂ ਵੱਲੋਂ ਇੱਕੋ ਛੱਤ ਥੱਲੇ ਸਰਕਾਰੀ ਸਹੂਲਤਾਂ ਉਪਲਬਧ ਕਰਵਾਈਆਂ ਗਈਆਂ। ਇਸ ਮੌਕੇ ਪਿੰਡ ਵਾਸੀਆਂ ਦੀਆਂ ਮੁਸ਼ਕਲਾਂ ਨੂੰ ਵੀ ਸੁਣਿਆ ਗਿਆ। ਕੈਂਪ ਵਿੱਚ ਹਾਜ਼ਰ ਐੱਸ.ਡੀ.ਐੱਮ. ਗੁਰਦਾਸਪੁਰ ਸ੍ਰੀਮਤੀ ਅਮਨਦੀਪ ਕੌਰ ਘੁੰਮਣ ਨੇ ਕਿਹਾ ਕਿ ਜਨ ਸੁਵਿਧਾ ਕੈਂਪਾਂ ਵਿੱਚ ਸਰਕਾਰ ਵੱਲੋਂ ਚਲਾਈਆਂ ਜਾਂਦੀਆਂ ਭਲਾਈ ਸਕੀਮਾਂ ਬਾਰੇ ਪਿੰਡਾਂ ਵਿਚ ਰਹਿ ਰਹੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਨਾਲ ਹੀ ਵੱਖ-ਵੱਖ ਵਿਭਾਗਾਂ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦੇ ਫਾਰਮ ਭਰਕੇ ਲੋੜਵੰਦ ਲਾਭਪਾਤਰੀਆਂ ਨੂੰ ਲਾਭ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਪਿੰਡ ਵਾਸੀਆਂ ਦੀ ਮੁਸ਼ਕਲਾਂ ਵੀ ਸੁਣੀਆਂ ਗਈਆਂ ਹਨ ਅਤੇ ਅਧਿਕਾਰੀਆਂ ਵੱਲੋਂ ਸਬੰਧਤ ਵਿਭਾਗਾਂ ਨੂੰ ਉਨਾਂ ਮੁਸ਼ਕਲਾਂ ਦੇ ਹੱਲ ਲਈ ਨਿਰਦੇਸ਼ ਦਿੱਤੇ ਗਏ ਹਨ। ਇਸ ਮੌਕੇ ਐੱਸ.ਡੀ.ਐੱਮ. ਸ੍ਰੀਮਤੀ ਘੁੰਮਣ ਵੱਲੋਂ ਪਿੰਡ ਦੇ ਸਰਕਾਰੀ ਸਕੂਲ ਦਾ ਦੌਰਾ ਕੀਤਾ ਗਿਆ ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਗੱਲਬਾਤ ਕੀਤੀ ਗਈ। ਇਸ ਤੋਂ ਬਾਅਦ ਉਨ੍ਹਾਂ ਨੇ ਪਿੰਡ ਦੇ ਵਿਕਾਸ ਕਾਰਜਾਂ ਦਾ ਜਾਇਜਾ ਵੀ ਲਿਆ।




# ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਵਿਸ਼ਵ ਪੱਧਰੀ ਸਿਹਤ ਸੁਵਿਧਾਵਾਂ ਮੁਫ਼ਤ ਮੁਹੱਈਆ ਕਰਵਾਉਣ ਲਈ ਵਚਨਬੱਧ : ਚੇਅਰਮੈਨ ਸ੍ਰੀ ਰਮਨ ਬਹਿਲ

## ਅਗਲੇ ਛੇ ਮਹੀਨਿਆਂ ਅੰਦਰ ਸਰਕਾਰੀ ਹਸਪਤਾਲਾਂ 'ਚ ਸਫ਼ਾਈ, ਸਟਾਫ਼ ਦੀ ਸੁਰੱਖਿਆ ਅਤੇ ਦਵਾਈਆਂ ਦੀ ਉਪਲਬਧਤਾ ਨੂੰ ਯਕੀਨੀ ਬਣਾਇਆ ਜਾਵੇਗਾ

**ਗੁਰਦਾਸਪੁਰ/ਨਵਨੀਤ ਕੁਮਾਰ**

ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਸੂਬਾ ਨਿਵਾਸੀਆਂ ਨੂੰ ਵਿਸ਼ਵ ਪੱਧਰੀ ਸਿਹਤ ਸੁਵਿਧਾਵਾਂ ਮੁਫ਼ਤ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇਸ ਦਿਸ਼ਾ ਵਿੱਚ ਤਰਜੀਹੀ ਆਧਾਰ 'ਤੇ ਢੁਕਵੇਂ ਕਦਮ ਪੁੱਟੇ ਜਾ ਰਹੇ ਹਨ। ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਇਹ ਪ੍ਰਗਟਾਵਾ ਕਰਦਿਆਂ ਕਿਹਾ ਕਿ ਅਗਲੇ ਛੇ ਮਹੀਨਿਆਂ ਅੰਦਰ ਸੂਬੇ ਦੇ ਸਰਕਾਰੀ ਹਸਪਤਾਲਾਂ ਵਿੱਚ ਸਫ਼ਾਈ ਵਿਵਸਥਾ ਨੂੰ ਸੁਚਾਰੂ ਬਣਾਉਣ ਦੇ ਨਾਲ ਨਾਲ ਸਟਾਫ਼ ਦੀ ਸੁਰੱਖਿਆ ਅਤੇ ਦਵਾਈਆਂ ਦੀ ਉਪਲਬਧਤਾ ਨੂੰ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ਼ ?ਰੀ ਭਗਵੰਤ ਮਾਨ ਵੱਲੋਂ ਟੀਚਾ ਮਿਥਿਆ ਗਿਆ ਹੈ ਕਿ ਅਗਲੇ ਇੱਕ ਦੋ ਵਰ੍ ?ਆਂ ਅੰਦਰ ਸਾਰੇ ਟੈਸਟ ਤੇ ਸਾਰੀਆਂ ਦਵਾਈਆਂ ਹਸਪਤਾਲਾਂ ਅੰਦਰ ਹੀ ਮੁਫ਼ਤ ਉਪਲਬਧ ਹੋਣਗੀਆਂ।



ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਸਰਕਾਰੀ ਹਸਪਤਾਲ ਕਾਰਪੋਰੇਟ ਹਸਪਤਾਲਾਂ ਨਾਲੋਂ ਵੀ ਵਧੀਆ ਬਣਾਏ ਜਾਣਗੇ ਅਤੇ ਕਿਸੇ ਵੀ ਹਸਪਤਾਲ ਵਿੱਚ ਨਾ ਤਾਂ ਸਪੈਸ਼ਲਿਸਟ ਡਾਕਟਰਾਂ ਦੀ ਕਮੀ ਰਹੇਗੀ ਅਤੇ ਨਾ ਹੀ ਲੋੜਵੰਦਾਂ ਨੂੰ ਕਿਸੇ ਸਮੱਸਿਆ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਦੱਸਿਆ ਕਿ ਹਾਲ ਹੀ ਵਿੱਚ ਮੁੱਖ ਮੰਤਰੀ ਸ਼ ?ਰੀ ਮਾਨ ਵੱਲੋਂ 271 ਸਪੈਸ਼ਲਿਸਟ ਡਾਕਟਰਾਂ ਦੀ ਭਰਤੀ ਕੀਤੀ ਗਈ ਹੈ ਅਤੇ ਬਾਕੀ ਦੀਆਂ ਖਾਲੀ ਆਸਾਮੀਆਂ ਭਰਨ ਲਈ ਵੀ ਪ੍ਰਕਿਰਿਆ ਪ੍ਰਗਤੀ ਅਧੀਨ ਹੈ। ਚੇਅਰਮੈਨ ਸ੍ਰੀ ਬਹਿਲ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਸਿਹਤ ਦੇ ਖੇਤਰ ਦੀ ਅਣਦੇਖੀ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪਿਆ ਹੈ ਪਰ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਮੁੱਖ ਮੰਤਰੀ ਨੇ ਆਉਂਦੇ ਸਾਰ ਹੀ ਬੇਰੋਜ਼ਗਾਰਾਂ ਨੂੰ ਨੌਕਰੀਆਂ ਦੇਣ, ਸਪੈਸ਼ਲਿਸਟ ਡਾਕਟਰਾਂ ਦੀ ਭਰਤੀ ਆਦਿ ਸਮੇਤ ਅਨੇਕਾਂ ਕੰਮ ਕਰਵਾਏ ਹੋਣ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਸਥਾਪਤ ਆਮ ਆਦਮੀ ਕਲੀਨਿਕਾਂ ਵਿੱਚ ਮਿਲ ਰਹੀਆਂ ਸਹੂਲਤਾਂ ਦਾ ਲੋਕ ਕਾਫੀ ਲਾਭ ਉਠਾ ਰਹੇ ਹਨ।

# 17 ਦਿਨ ਪਹਿਲਾ ਲਵ ਮੈਰਿਜ ਕਰਵਾ ਕੇ ਸੌਹਰੇ ਘਰ ਗਈ ਲੜਕੀ ਨੂੰ ਪਤੀ ਨੇ ਫਾਹਾ ਦੇ ਕੇ ਮੌਤ ਦੇ ਘਾਟ ਉਤਾਰਿਆ

## ਭਿੱਖੀਵਿੰਡ ਪੁਲਸ ਨੇ ਲੜਕੇ ਖਿਲਾਫ ਕਤਲ ਦਾ ਮਾਮਲਾ ਕੀਤਾ ਦਰਜ

**ਭਿੱਖੀਵਿੰਡ/ਕਿਸ਼ੋਰੀ ਲਾਲ ਹੈਪੀ ਸਭਰਾ**

15 ਸਾਲਾ ਲੜਕੀ ਲਵ ਮੈਰਿਜ ਕਰਵਾ ਕੇ ਸੋਹਰੇ ਘਰ ਗਈ ਨੂੰ ਲੜਕੀ ਨੂੰ ਉਸਦੇ ਪਤੀ ਵੱਲੋਂ ਬੀਤੀ ਰਾਤ ਫਾਹਾ ਦੇ ਕੇ ਮਾਰ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ । ਉਥੇ ਥਾਣਾ ਭਿੱਖੀਵਿੰਡ ਦੀ ਪੁਲਸ ਨੇ ਮੌਕੇ ਤੇ ਪਹੁੰਚ ਕੇ ਮ੍ਰਿਤਕ ਲੜਕੀ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ । ਇਸ ਸੰਬੰਧੀ ਪੱਤਰਕਾਰਾ ਨਾਲ ਗੱਲਬਾਤ ਕਰਦਿਆਂ ਮ੍ਰਿਤਕ ਲੜਕੀ ਸਿਮਰਨਜੀਤ ਕੌਰ ਦੇ ਪਿਤਾ ਗੁਰਲਾਲ ਸਿੰਘ ਪੁੱਤਰ ਦੇਸਾ ਸਿੰਘ ਵਾਸੀ ਭਿੱਖੀਵਿੰਡ ਪਿੰਡ ਨੇ ਦੱਸਿਆ ਕਿ ਉਹ ਭਿੱਖੀਵਿੰਡ ਵਿਖੇ ਕਲਸੀ ਸੀਮੇਂਟ ਸਟੋਰ ਤੇ ਕੰਮ ਕਰਦਾ ਹੈ ਅਤੇ ਮਜ਼ਬੀ ਸਿੱਖ ਜਾਤੀ ਨਾਲ ਸੰਬੰਧ ਰੱਖਦਾ ਹੈ ਤੇ ਉਸਦੀਆਂ ਦੋ ਲੜਕੀਆਂ ਅਤੇ ਇੱਕ ਲੜਕਾ ਹੈ ਜਿੰਨਾ ਵਿੱਚ15 ਸਾਲਾਂ ਲੜਕੀ ਸਿਮਰਨਜੀਤ ਕੌਰ ਨੇ ਆਪਣੀ ਮਰਜੀ ਨਾਲ ਪਿੰਡ ਦੇ ਹੀ ਨੌਜਵਾਨ ਪਵਨਦੀਪ ਸਿੰਘ ਨਾਲ ਲਵ ਮੈਰਿਜ ਕਰਵਾਈ ਹੋਈ ਹੈ । ਜਿਸ ਦਾ ਵਿਆਹ ਬੀਤੀ 21 ਜਨਵਰੀ ਨੂੰ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਪਿੰਡ ਭਿੱਖੀਵਿੰਡ ਵਿਖੇ ਪੂਰੇ ਸਿੱਖ ਰੀਤਾ ਅਨੁਸਾਰ ਕੀਤਾ ਗਿਆ ਸੀ । ਮ੍ਰਿਤਕ ਲੜਕੀ ਦੇ ਪਿਤਾ ਨੇ ਦੱਸਿਆ ਕਿ ਅੱਜ ਸਵੇਰੇ ਕਰੀਬ 11 ਵੱਜ ਕੇ 46 ਮਿੰਟ ਤੇ ਉਸਦੇ ਫੋਨ ਤੇ ਪਿੰਡ ਭਿੱਖੀਵਿੰਡ ਦੇ ਸਰਪੰਚ ਮਨਦੀਪ ਸਿੰਘ ਦਾ ਫੋਨ ਆਇਆ ਕਿ ਉਸਦੀ ਲੜਕੀ ਦੀ ਹਾਰਟ ਅਟੈਕ ਨਾਲ ਮੌਤ ਹੋ ਗਈ ਹੈ ਤਾਂ ਜਦ ਉਹ ਲੜਕੀ ਦੇ ਸਹੁਰੇ ਘਰ ਪੁੱਜੇ ਤਾਂ ਉਨਾ ਦੇਖਿਆ ਕਿ ਲੜਕੀ ਦੇ ਗਲ ਤੇ ਨਿਸ਼ਾਨ ਹਨ ਅਤੇ ਉਨ੍ਹਾ ਨੂੰ ਸ਼ੱਕ ਹੈ ਕਿ ਉਸਦੀ ਲੜਕੀ ਦਾ ਕਤਲ ਕੀਤਾ ਗਿਆ ਹੈ । ਗੁਰਲਾਲ ਸਿੰਘ ਨੇ ਦੱਸਿਆ ਕਿ ਉਨਾ ਇਸ ਮਾਮਲੇ ਦੀ ਜਾਣਕਾਰੀ ਥਾਣਾ ਭਿੱਖੀਵਿੰਡ ਦੀ ਪੁਲਸ ਨੂੰ ਦਿੱਤੀ ਹੇ ਜਿਸ ਤੇ ਮੌਕੇ ਤੇ ਪੁੱਜੀ ਥਾਣਾ ਭਿੱਖੀਵਿੰਡ ਦੀ ਪੁਲਸ ਨੇ ਮ੍ਰਿਤਕ ਲੜਕੀ ਦੀ ਲਾਸ਼ ਨੂੰ ਕਬਜ਼ੇ ਚ ਲੈ ਕਾਰਵਾਈ ਆਰੰਭ ਕਰ ਦਿੱਤੀ ਹੇ । ਲੜਕੀ ਦੇ ਪਿਤਾ ਨੇ ਮੰਗ ਕੀਤੀ ਕਿ ਉਸਦੀ ਲੜਕੀ ਦਾ ਕਤਲ ਕਰਨ ਵਾਲਿਆਂ ਖਿਲਾਫ ਕਾਰਵਾਈ ਕੀਤੀ ਜਾਵੇ । ਉਧਰ ਇਸ ਮਾਮਲੇ ਸੰਬੰਧੀ ਜਾਣਕਾਰੀ ਦਿੰਦਿਆਂ ਥਾਣਾ ਭਿੱਖੀਵਿੰਡ ਦੇ ਐੱਸ.ਐੱਚ.ਓ ਬਲਜਿੰਦਰ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਲੜਕੇ ਤੇ ਲੜਕੀ ਦਾ ਆਪਸੀ ਝਗੜਾ ਹੋਇਆ ਸੀ ਜਿਸ ਤੇ ਲੜਕੇ ਨੇ ਤਹਿਸ਼ ਵਿੱਚ ਆਕੇ ਆਪਣੀ ਪਤਨੀ ਦਾ ਸ਼ਾਹ ਘੁੱਟ ਕੇ ਕਤਲ ਕਰ ਦਿੱਤਾ ਹੈ । ਜਿਸ ਤੇ ਭਿੱਖੀਵਿੰਡ ਪੁਲਸ ਵੱਲੋਂ ਮ੍ਰਿਤਕ ਲੜਕੀ ਦੇ ਪਿਤਾ ਦੇ ਬਿਆਨਾ ਦੇ ਅਧਾਰ ਤੇ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ ।





# 12 ਨੂੰ ਫਤਿਹਗੜ੍ਹ ਸਾਹਿਬ ਪਹੁੰਚੋ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਲਖਵਿੰਦਰ ਸੋਨੂੰ ਨਵਾਂਸਹਿਰ, ਅਕਾਲੀ ਦੱਲ ਮਾਨ ਅੰਮ੍ਰਿਤਸਰ ਦੇ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਚੋਧਰੀ ਹਰਬੰਸ ਸਿੰਘ ਪੈਲੀ ਨੇ ਦੱਸਿਆ ਕਿ 12 ਫਰਵਰੀ ਨੂੰ ਫਤਿਹਗੜ੍ਹ ਸਾਹਿਬ ਵਿਖੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਜਨਮ ਦਿਨ ਬੜ੍ਹੀ ਧੂੰਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਜਿਸ ਮੋਕੇ ਤੇ ਸਿਮਰਨਜੀਤ ਸਿੰਘ ਮਾਨ ਵਿਸ਼ੇਸ਼ ਤੋਰ ਤੇ ਪਹੁੰਚਣਗੇ ਅਤੇ ਇਸ ਮੋਕੇ ਤੇ ਬੰਦੀ ਸਿੰਘਾ ਦੀ ਰਿਹਾਈ ਵਾਸਤੇ ਵਿਸ਼ਾਲ ਇਕਠ ਕੀਤੀ ਜਾਵੇਗੀ ਉਨ੍ਹਾਂ ਨੇ ਵੱਧ ਚੜ੍ਹ ਕੇ ਇਸ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ ਹੈ।

# ਵਿਧਾਇਕ ਚੌਧਰੀ ਮਦਨ ਲਾਲ ਬੱਗਾ ਵਲੋਂ ਵਾਰਡ ਨੰਬਰ 91 ’ਚ ਸੀਵਰੇਜ਼ ਪਾਉਣ ਦੇ ਕੰਮ ਦਾ ਉਦਘਾਟਨ

## ਕਿਹਾ ! ਸੂਬਾ ਸਰਕਾਰ ਵਿਕਾਸ ਪੱਖੋਂ ਪਛੜੇ ਹਲਕਿਆਂ ਦੇ ਵਿਕਾਸ ਲਈ ਬੇਹੱਦ ਸੰਵੇਦਨਸ਼ੀਲ

**ਲੁਧਿਆਣਾ/ਸੁਖਚੈਨ ਮਹਿਰਾ**

ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਤੋਂ ਵਿਧਾਇਕ ਚੌਧਰੀ ਮਦਨ ਲਾਲ ਬੱਗਾ ਵੱਲੋਂ ਵਾਰਡ ਨੰਬਰ 91 ’ਚ ਸੀਵਰੇਜ਼ ਪਾਉਣ ਦੇ ਕੰਮ ਦਾ ਉਦਘਾਟਨ ਕੀਤਾ ਗਿਆ ਹੈ। ਇਸ ਪ੍ਰੋਜੈਕਟ ’ਤੇ ਕਰੀਬ 45 ਲੱਖ ਰੁਪਏ ਦੀ ਲਾਗਤ ਆਵੇਗੀ।

ਇਸ ਮੌਕੇ ਉਨ੍ਹਾਂ ਨਾਲ ਬਲਜਿੰਦਰ ਸੰਧੂ ਕੌਂਸਲਰ, ਰਾਜੂ ਥਾਪਰ ਕੌਂਸਲਰ, ਐਸ.ਡੀ.ਓ. ਅੰਸ਼ੁਲ ਗਰਚਾ, ਬਿੱਟੂ ਭਾਰਦਵਾਜ, ਅਮਨ ਬੱਗਾ, ਐਡਵੋਕੇਟ ਗੌਰਵ ਬੱਗਾ ਅਤੇ ਨਗਰ ਨਿਗਮ ਦੇ ਸੀਨੀਅਰ ਅਧਿਕਾਰੀਆਂ ਵੀ ਮੌਜੂਦ ਸਨ।

ਵਿਧਾਇਕ ਚੌਧਰੀ ਮਦਨ ਲਾਲ ਬੱਗਾ ਨੇ ਉਦਘਾਟਨ ਮੌਕੇ ਕਿਹਾ ਕਿ ਵਿਕਾਸ ਪੱਖੋਂ ਪੱਛੜੇ ਹਲਕੇ ਦੇ ਵਿਕਾਸ ਲਈ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬੇਹੱਦ ਸੰਵੇਦਨਸ਼ੀਲ ਹੈ। ਉਨ੍ਹਾਂ ਕਿਹਾ ਕਿ ਹਲਕੇ ਦੇ ਵਸਨੀਕਾ ਨੂੰ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਮੁੱਖ ਤਰਜੀਹ ਹੈ।



ਵਿਧਾਇਕ ਬੱਗਾ ਨੇ ਕਿਹਾ ਕਿ ਹਲਕੇ ਦੇ ਵਸਨੀਕਾਂ ਵੱਲੋਂ ਉਨ੍ਹਾਂ ’ਤੇ ਵਿਸ਼ਵਾਸ਼ ਜਤਾਉਂਦਿਆਂ ਵਿਧਾਨ ਸਭਾ ਚੋਣਾਂ ਵਿੱਚ ਇੱਕ ਵੱਡੇ ਫਰਕ ਨਾਲ ਸੀਟ ਉਨ੍ਹਾਂ ਦੀ ਝੋਲੀ ਪਾਈ ਹੈ। ਉਨ੍ਹਾਂ ਕਿਹਾ ਕਿ ਉਹ ਹਲਕੇ ਦੇ ਵਸਨੀਕਾਂ ਦੀਆਂ ਉਮੀਦਾਂ ’ਤੇ ਪੂਰਾ ਉਤਰਨ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ। ਵਸਨੀਕਾਂ ਵੱਲੋਂ ਹਲਕੇ ’ਚ ਪਹੁੰਚਣ ’ਤੇ ਆਪਣੇ ਹਰਮਨ ਪਿਆਰੇ ਵਿਧਾਇਕ ਚੌਧਰੀ ਮਦਨ ਲਾਲ ਬੱਗਾ ਦਾ ਦਿਲ ਦੀਆਂ ਗਹਿਰਾਈਆਂ ਤੋਂ ਸਵਾਗਤ ਅਤੇ ਧੰਨਵਾਦ ਕੀਤਾ ਗਿਆ। ਹਲਕੇ ਦੇ ਵਸਨੀਕਾਂ ਨੇ ਦੱਸਿਆ ਕਿ ਵਿਧਾਇਕ ਬੱਗਾ ਵੱਲੋਂ ਸੀਵਰੇਜ ਦੀ ਚਿਰੌਕਣੀ ਮੰਗ ਨੂੰ ਪੂਰਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵਿਧਾਇਕ ਬੱਗਾ ਵੱਲੋਂ ਆਪਣੀ ਅਣਥੱਕ ਮਿਹਨਤ ਸਦਕਾ ਹਲਕੇ ਦੀ ਨੁਹਾਰ ਬਦਲੀ ਜਾ ਰਹੀ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਰਮੇਸ਼ ਸ਼ੁਕਲਾ, ਗੌਰਵ ਉੱਪਲ, ਬੋਬੀ ਸ਼ਰਮਾ, ਵਰਿੰਦਰ ਚੋਪੜਾ, ਸ਼ੀਤਲ ਵਰਮਾ, ਵਿਜੇ ਬਹਾਦੁਰ, ਡਾ.ਅਸ਼ੋਕ ਰਤਨ, ਮੋਹਨਜੀਤ, ਰਾਹੁਲ, ਅਰਜੁਨ, ਅਤੁਲ ਅਗਰਵਾਲ, ਸੰਨੀ, ਵੀ.ਕੇ.ਸ਼ਰਮਾ, ਮੁੰਨਾ, ਸ਼ਾਮਮ, ਦੀਪਕ ਬਾਂਸਲ, ਸੁਮਿਤ ਮਰਵਾਹਾ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਵੀ ਮੌਜੂਦ ਸਨ।

# ਸੈਸ਼ਨ ਜੱਜ ਕੰਵਲਜੀਤ ਸਿੰਘ ਬਾਜਵਾ ਵੱਲੋਂ ਅੰਡਰ ਟਰਾਇਲ ਰਿਵਿਊ ਕਮੇਟੀ ਅਤੇ ਬਾਲ ਨਿਆਂ ਬੋਰਡ ਦੀ ਮੀਟਿੰਗ



**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ, ਸ. ਕੰਵਲਜੀਤ ਸਿੰਘ ਬਾਜਵਾ ਵੱਲੋ ਅੱਜ ਅੰਡਰ ਟਰਾਇਲ ਰਿਵਿਊ ਕਮੇਟੀ ਅਤੇ ਬਾਲ ਨਿਆਂ ਬੋਰਡ ਦੀ ਮੀਟਿੰਗ ਕੀਤੀ ਗਈ।ਇਸ ਮੀਟਿੰਗ ਵਿੱਚ ਐਸ.ਐਸ.ਪੀ. ਭਾਗੀਰਥ ਸਿੰਘ ਮੀਨਾ, ਸੀ. ਜੇ. ਐਮ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਸ. ਕਮਲਦੀਪ ਸਿੰਘ ਧਾਲੀਵਾਲ, ਪ੍ਰਮੁੱਖ ਜੱਜ ਬਾਲ ਨਿਆਂ ਬੋਰਡ, ਸ਼ਹੀਦ ਭਗਤ ਸਿੰਘ ਨਗਰ ਮੈਡਮ ਰਾਧਿਕਾ ਪੁਰੀ, ਐਸ.ਡੀ.ਐਮ. ਨਵਾਂਸ਼ਹਿਰ ਮੇਜਰ ਡਾ. ਸ਼ਿਵਰਾਜ ਸਿੰਘ ਬੱਲ, ਡੀ.ਐਸ.ਪੀ. ਸ਼ਹਿਬਾਜ ਸਿੰਘ ਅਤੇ ਹੋਰ ਅਧਿਕਾਰੀ ਹਾਜ਼ਰ ਸਨ।ਮੀਟਿੰਗ ਦੌਰਾਨ ਅੰਡਰ ਟ?ਰਾਇਲ ਰਿਵਿਊ ਕਮੇਟੀ ਤੇ ਬਲਾ ਨਿਆਂ ਬੋਰਡ ਦੇ ਏਜੰਡਿਆਂ ’ਤੇ ਵਿਚਾਰ-ਵਟਾਂਦਰੇ ਉਪਰੰਤ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਮੀਟਿੰਗ ’ਚ ਸ਼ਾਮਿਲ ਸਮੂਹ ਮੈਂਬਰਾਂ ਨੂੰ ਦੱਸਿਆ ਗਿਆ ਕਿ ਜ਼ਿਲ੍ਹੇ ਵਿੱਚ ਅਦਾਲਤੀ ਤੇ ਪ੍ਰੀ-ਲਿਟੀਗੇਟਿਵ ਪੜਾਅ ’ਤੇ ਆਏ ਰਾਜੀਨਾਮਾ ਹੋਣ ਯੋਗ ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕਰਨ ਲਈ 11 ਫ਼ਰਵਰੀ ਨੂੰ ਕੌਮੀ ਲੋਕ ਅਦਾਲਤ ਲਗਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਕੌਮੀ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਲੋਕਾਂ ਨੂੰ ਪ੍ਰੇਰ ਕੇ ਉਨ੍ਹਾਂ ਦੇ ਕੇਸ ਲਗਵਾਏ ਜਾਣ ਅਤੇ ਪੈਂਡਿੰਗ ਟ?ਰੈਫਿਕ ਚਲਾਨ ਭੇਜੇ ਜਾਣ। ਇਸ ਤੋ ਇਲਾਵਾ ਉਨ੍ਹਾਂ ਨੇ ਕਿਹਾ ਕਿ ਇਸ ਕੌਮੀ ਲੋਕ ਅਦਾਲਤ ਬਾਰੇ ਆਪੋ-ਆਪਣੇ ਦਫ਼ਤਰਾਂ ’ਚ ਆਉਣ ਵਾਲੇ ਆਮ ਲੋਕਾਂ ਨੂੰ ਵੀ ਵੱਧ ਤੋ ਵੱਧ ਜਾਗਰੂਕ ਕੀਤਾ ਜਾਵੇ। ਇਸ ਮੀਟਿੰਗ ਵਿੱਚ ਮੈਡਮ ਸੋਨੀਆ, ਚੇਅਰਪਰਸਨ, ਚਾਈਲਡ ਵੈਲਫੇਅਰ ਕਮੇਟੀ ਅਤੇ ਕੰਚਨ ਅਰੋੜਾ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਵੀ ਹਾਜ਼ਰ ਸਨ।

# ਆਤਮਾ ਸਕੀਮ ਅਧੀਨ ਫਾਰਮ ਸਕੂਲ ਲਗਾਇਆ ਗਿਆ



**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਬਾਗਬਾਨੀ ਵਿਭਾਗ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਖੇਤੀਬਾੜੀ ਵਿਭਾਗ ਦੇ ਸਹਿਯੋਗ ਨਾਲ ਪਿੰਡ ਸੋਨਾ ਬਲਾਕ ਨਵਾਂਸ਼ਹਿਰ ਦੇ ਅਗਾਂਹਵਧੂ ਬਾਗ਼ਬਾਨ, ਬਹਾਦਰ ਸਿੰਘ ਦੇ ਫਾਰਮ ਉੱਤੇ ਆੜੂ ਦੀ ਫਸਲ ਦੀ ਕੁਆਲਟੀ ਪੈਦਾਵਾਰ ਪ੍ਰਾਪਤ ਕਰਨ ਸਬੰਧੀ ਫਾਰਮ ਸਕੂਲ ਲਗਾਇਆ ਗਿਆ।ਇਸ ਮੌਕੇ ਆਏ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਸਹਾਇਕ ਡਾਇਰੈਕਟਰ ਬਾਗ਼ਬਾਨੀ, ਸ਼ਹੀਦ ਭਗਤ ਸਿੰਘ ਨਗਰ ਡਾ. ਰਾਜੇਸ਼ ਕੁਮਾਰ ਨੇ ਆੜੂ ਦੇ ਕੁਆਲਟੀ ਦੇ ਫ਼ਲ ਪੈਦਾ ਕਰਨ ਲਈ ਅਪਣਾਈ ਜਾਣ ਵਾਲੀ ਤਕਨੀਕ ਜਿਵੇਂ ਕਿ ਖਾਦ ਪਾਉਣ ਦਾ ਸਹੀ ਸਮਾਂ ਅਤੇ ਮਾਤਰਾ, ਬੂਟਿਆਂ ਦੀ ਕਾਂਟ-ਛਾਂਟ, ਤੇਲੇ ਦੀ ਰੋਕਥਾਮ, ਫ਼ਲ ਵਿਰਲਾ ਕਰਨਾ, ਫ਼ਲ ਦੀ ਤੁੜਾਈ, ਗਰੇਡਿੰਗ ਅਤੇ ਪੈਕਿੰਗ ਕਰਨ ਉਪਰੰਤ ਮੰਡੀਕਰਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਡਾ. ਕਮਲਜੀਤ ਸਿੰਘ ਸੰਘਾ ਪ੍ਰੋਜੈਕਟ ਡਾਇਰੈਕਟਰ ਆਤਮਾ ਨੇ ਕਿਸਾਨਾਂ ਨੂੰ ਆਤਮਾ ਸਕੀਮ ਅਧੀਨ ਚੱਲ ਰਹੀਆਂ ਸਕੀਮਾਂ ਦੀ ਜਾਣਕਾਰੀ ਦਿੱਤੀ। ਡਾ.ਪਰਮਜੀਤ ਸਿੰਘ ਬਾਗਬਾਨੀ ਵਿਕਾਸ ਅਫਸਰ, ਨਵਾਂਸ਼ਹਿਰ ਨੇ ਕਿਸਾਨਾਂ ਨੂੰ ਬਾਗਬਾਨੀ ਵਿਭਾਗ ਦੀਆਂ ਸਕੀਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਬਾਗ਼ਬਾਨ ਬਹਾਦਰ ਸਿੰਘ ਨੇ ਵੀ ਆੜੂ ਦੀ ਫਸਲ ਦੀ ਕਾਸ਼ਤ ਬਾਰੇ ਆਪਣੇ ਤਜਰਬੇ ਸਾਂਝੇ ਕੀਤੇ।ਇਸ ਮੌਕੇ ਹਰਦੀਪ ਸਿੰਘ ਉਪ ਨਿਰੀਖਕ ਬਾਗਬਾਨੀ, ਬ੍ਰਹਮ ਕੁਮਾਰ ਫੀਲਡ ਵਰਕਰ, ਅਮਰਜੀਤ ਸਿੰਘ, ਸੋਹਣ ਸਿੰਘ, ਸ੍ਰੀਮਤੀ ਬਲਵੀਰ ਕੌਰ ਅਤੇ ਸੀਤਲ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਭਾਗ ਲਿਆ।

# ਦੀ ਨਵਾਂਸ਼ਹਿਰ ਸਹਿਕਾਰੀ ਖੰਡ ਮਿੱਲਜ਼ ਲਿਮ. ਨਵਾਂਸ਼ਹਿਰ, ਜਿਲ੍ਹਾ ਸ਼.ਭ.ਸ. ਨਗਰ (ਪੰਜਾਬ)

## ਮੈਸ. ਨਵਾਂਸ਼ਹਿਰ ਪਾਵਰ ਪ੍ਰਾਈਵੇਟ ਲਿਮ. ਵੱਲੋਂ ਕੋ-ਜੈਨਰੇਸ਼ਨ ਪਲਾਂਟ ਦੇ ਬੁਆਇਲਰ ਦੀ ਰਾਖ ਦੀ ਸਮੱਸਿਆ ਦੇ ਹੱਲ ਲਈ ਨਵੀਂ ਮਸ਼ੀਨਰੀ ਲਗਾਉਣ ਦਾ ਕੰਮ ਸ਼ੁਰੂ:- ਮਿੱਲ ਮੈਨੇਜਮੈਂਟ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਪਿਛਲੇ ਕੁੱਝ ਸਮੇਂ ਤੋਂ ਮੈਸ. ਨਵਾਂਸ਼ਹਿਰ ਪਾਵਰ ਪ੍ਰਾਈਵੇਟ ਲਿਮ. ਦੇ ਕੋ-ਜੈਨਰੇਸ਼ਨ ਪਲਾਂਟ ਦੇ ਬੁਆਇਲਰ ਦੀ ਚਿਮਨੀ ਤੋਂ ਨਿਕਲ ਰਹੀ ਰਾਖ ਕਾਰਨ ਸ਼ਹਿਰ ਵਾਸੀਆਂ ਨੂੰ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਜਿਸ ਦੇ ਹੱਲ ਲਈ ਜਿਲ੍ਹਾ ਪ੍ਰਸ਼ਾਸ਼ਨ ਵੱਲੋਂ ਸਮੇਂ ਸਮੇਂ ਤੇ ਮੀਟਿੰਗਾਂ ਰਾਂਹੀ ਸਬੰਧਤ ਅਦਾਰੇ ਨੂੰ ਇਸ ਦਿੱਕਤ ਦੇ ਹੱਲ ਲਈ ਯੋਗ ਕਾਰਵਾਈ ਕਰਨ ਦੀ ਹਦਾਇਤ ਕੀਤੀ ਗਈ। ਇਸ ਸਬੰਧ ਵਿੱਚ ਮਿਤੀ 17.01.2023 ਨੂੰ ਮਾਨਯੋਗ ਡਿਪਟੀ ਕਮਿਸ਼ਨਰ ਜੀ ਦੀ ਪ੍ਰਧਾਨਗੀ ਹੇਠ ਕਿਸਾਨ ਯੂਨੀਅਨਾਂ, ਵਪਾਰ ਮੰਡਲ, ਮਿੱਲ ਮੈਨੇਜਮੈਂਟ ਅਤੇ ਪਾਵਰ ਪਲਾਂਟ ਮੈਨੇਜਮੈਂਟ ਦਰਮਿਆਨ ਹੋਈ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਪਲਾਂਟ ਪ੍ਰਬੰਧਕਾਂ ਵੱਲੋਂ ਰਾਖ ਦੇ ਕਣ ਰੋਕਣ ਲਈ ਲੋੜੀਦੀ



ਮਸ਼ੀਨਰੀ(ਵੈੱਟ ਸਕਰੱਬਰ) ਦਾ ਆਰਡਰ ਕੀਤਾ ਗਿਆ ਅਤੇ ਇਸ ਸਮੇਂ ਮਸ਼ੀਨਰੀ ਦਾ ਸਮਾਨ ਮਿੱਲ ਵਿੱਚ ਪਹੁੰਚਣਾ ਸ਼ੁਰੂ ਹੋ ਗਿਆ ਹੈ ਅਤੇ ਇਸ ਦੀਆਂ ਫਾਊਡੇਸ਼ਨਾਂ ਬਣ ਰਹੀਆਂ ਹਨ। ਇਸ ਕੰਮ ਦਾ ਨਿਰੀਖਣ ਮਿੱਲ ਦੇ ਬੋਰਡ ਆਫ ਡਾਇਰੈਕਟਰਜ਼ ਦੇ ਮੈਂਬਰ ਸ਼੍ਰੀ ਚਰਨਜੀਤ ਸਿੰਘ, ਸ਼ ?ਰੀ ਮੋਹਿੰਦਰ ਸਿੰਘ ਰਾਏ, ਸ਼੍ਰੀ ਹਰੀਪਾਲ ਸਿੰਘ ਜਾਡਲੀ, ਸ਼ ?ਰੀ ਸੋਹਣ ਸਿੰਘ ਉੱਪਲ, ਸ਼੍ਰੀ ਸਰਤਾਜ ਸਿੰਘ, ਸ਼ ?ਰੀ ਕਸ਼ਮੀਰ ਸਿੰਘ, ਗੁਰਸੇਵਕ ਸਿੰਘ, ਸ਼੍ਰੀ ਜਗਤਾਰ ਸਿੰਘ ਹਰਿੰਦਰ ਕੌਰ, ਬੀਬੀ ਸੁਰਿੰਦਰ ਕੌਰ, ਮਿੱਲ ਮੈਨੇਜਮੈਂਟ ਵੱਲੋਂ ਸ਼੍ਰੀ ਸੁਰਿੰਦਰ ਪਾਲ, ਜਨਰਲ ਮੈਨੇਜਰ, ਸਰਬਜੀਤ ਸਿੰਘ, ਮੁੱਖ ਇੰਜੀਨੀਅਰ, ਕਿਸਾਨ ਯੂਨੀਅਨ ਦੇ ਆਗੂ ਸ਼ ?ਰੀ ਅਮਰਜੀਤ ਸਿੰਘ ਬੁਰਜ, ਸ਼ ?ਰੀ ਅਵਤਾਰ ਸਿੰਘ ਸਾਧੜਾ, ਸ਼ ?ਰੀ ਦਲਜੀਤ ਸਿੰਘ ਸਾਧਪੁਰ ਵੱਲੋਂ ਕੀਤਾ ਗਿਆ ਅਤੇ ਦੇਖਿਆ ਗਿਆ ਕਿ ਲੋੜੀਦੇ ਮਸ਼ੀਨਰੀ ਪਾਰਟਸ ਲਗਾਉਣ ਸਬੰਧੀ ਪਲਾਂਟ ਪ੍ਰਬੰਧਕਾਂ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਪਾਵਰ ਪਲਾਂਟ ਦੀ ਮੈਨੇਜਮੈਂਟ ਵੱਲੋਂ ਹਾਜਰ ਸ਼ ?ਰੀ ਐਸ. ਬੰਦੋਉਪਾਧਿਆਏ, ਉਪ ਪ੍ਰਧਾਨ, ਅਤੇ ਸ਼ ?ਰੀ ਵੀ.ਕੇ.ਛਾਜਦ, ਸਾਈਟ ਇੰਚਾਰਜ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਇਹ ਮਸ਼ੀਨਰੀ ਉਪਕਰਣ(ਵੈੱਟ ਸਕਰੱਬਰ) ਜਲਦੀ ਹੀ ਸਥਾਪਿਤ ਕੀਤਾ ਜਾ ਰਿਹਾ ਹੈ ਅਤੇ ਇਸ ਉਪਰੰਤ ਸ਼ਹਿਰ ਵਾਸੀਆਂ ਨੂੰ ਆ ਰਹੀ ਸਮੱਸਿਆ ਦਾ ਮੁਕੰਮਲ ਹੱਲ ਹੋ ਜਾਵੇਗਾ।

## ਸੋਨਾਲੀਕਾ ਨੇ ਜਨਵਰੀ 'ਚ 26 ਫੀਸਦੀ ਦੇ ਵਾਧੇ ਨਾਲ 9741 ਟਰੈਕਟਰ ਵੇਚੇ



**ਚੰਡੀਗੜ੍ਹ/ਵਿਨੋਦ ਸ਼ਰਮਾ**

ਸੋਨਾਲੀਕਾ ਟਰੈਕਟਰਜ਼ ਨੇ ਜਨਵਰੀ 2023 ਦੇ ਮਹੀਨੇ ਵਿੱਚ ਕੁੱਲ 9741 ਟਰੈਕਟਰਾਂ ਦੀ ਵਿਕਰੀ ਪ੍ਰਾਪਤ ਕਰਕੇ 26% ਦਾ ਮਜ਼ਬੂਤ ਵਾਧਾ ਦਰਜ ਕੀਤਾ ਹੈ ਅਤੇ ਉਦਯੋਗ ਦੇ ਵਿਕਾਸ ਨੂੰ ਪਛਾੜ ਦਿੱਤਾ ਹੈ। ਆਪਣੀ ਵੈੱਬਸਾਈਟ 'ਤੇ ਟਰੈਕਟਰ ਦੀਆਂ ਕੀਮਤਾਂ ਦਾ ਖੁਲਾਸਾ ਕਰਨ ਲਈ ਹਾਲ ਹੀ ਦੇ ਨਵੀਨਤਾਕਾਰੀ ਕਦਮ ਅਤੇ ਗਾਹਕ ਕੇਂਦਰਿਤ ਪਰਿਵਰਤਨਸ਼ੀਲ ਪਹੁੰਚ ਨੇ ਸਾਲ 2023 ਦੀ ਸ਼ਾਨਦਾਰ ਸ਼ੁਰੂਆਤ ਕੀਤੀ ਹੈ। ਇਹ ਸ਼ਾਨਦਾਰ ਪ੍ਰਦਰਸ਼ਨ ਅੱਜ ਤੱਕ (ਅਪ੍ਰੈਲ 22- ਜਨਵਰੀ 23 ਦੀ ਮਿਆਦ ਲਈ) 1,28,190 ਦੀ ਟਰੈਕਟਰ ਵਿਕਰੀ ਪ੍ਰਾਪਤ ਕਰਨ ਲਈ ਕੰਪਨੀ ਦੇ ਅਣਥੱਕ ਯਤਨਾਂ ਨੂੰ ਵੀ ਦਰਸਾਉਂਦਾ ਹੈ। ਇਸ ਸ਼ਾਨਦਾਰ ਪ੍ਰਾਪਤੀ 'ਤੇ ਆਪਣੇ ਵਿਚਾਰ ਸਾਂਝੇ ਕਰਦਿਆਂ ਇੰਟਰਨੈਸ਼ਨਲ ਟਰੈਕਟਰਜ਼ ਲਿਮਟਿਡ ਦੇ ਜੁਆਇੰਟ ਮੈਨੇਜਿੰਗ ਡਾਇਰੈਕਟਰ ਰਮਨ ਮਿੱਤਲ ਨੇ ਕਿਹਾ ਕਿ ਕਿਸਾਨਾਂ ਨੂੰ ਸਾਡੇ ਦੇਸ਼ ਦਾ 'ਅੰਨਾ ਦਾਤਾ' ਮੰਨਿਆ ਜਾਂਦਾ ਹੈ ਅਤੇ ਉਹ ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ ਹਨ। ਸੋਨਾਲੀਕਾ ਟਰੈਕਟਰਜ਼ 'ਤੇ, ਅਸੀਂ ਉਨ੍ਹਾਂ ਦੀ ਖੇਤੀ ਦੀ ਖੁਸ਼ਹਾਲੀ ਅਤੇ ਆਮਦਨ ਨੂੰ ਵਧਾਉਣ ਲਈ ਨਵੀਨਤਾ ਕਰਦੇ ਹਾਂ ਅਤੇ ਇਹ ਪਹੁੰਚ ਸਾਡੇ ਡੀਐਨਏ ਵਿੱਚ ਡੂੰਘਾਈ ਨਾਲ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਸਾਡਾ ਵਿਕਾਸ ਮਾਰਗ ਹੁਣ ਤੱਕ 1,28,190 ਟਰੈਕਟਰਾਂ ਦੀ ਵਿਕਰੀ ਤੱਕ ਪਹੁੰਚ ਗਿਆ ਹੈ ਜੋ ਸਾਨੂੰ ਕਿਸਾਨਾਂ ਪ੍ਰਤੀ ਵਚਨਬੱਧ ਰਹਿਣ ਅਤੇ ਉਨ੍ਹਾਂ ਦੇ ਖੁਸ਼ਹਾਲ ਭਵਿੱਖ ਲਈ ਵਿਸ਼ਵ ਪੱਧਰੀ ਉਤਪਾਦ ਪੋਰਟਫੋਲੀਓ ਵਿਕਸਤ ਕਰਨ ਲਈ ਪ੍ਰੇਰਿਤ ਕਰਦਾ ਹੈ।

## ਸਿਹਤ ਵਿਭਾਗ ਵੱਲੋਂ ਮਲੇਰੀਆ/ ਡੈਗੂ ਤੋਂ ਬਚਾਅ ਤੇ ਸਿਹਤ ਪ੍ਰੋਗਰਾਮਾ ਸਬੰਧੀ ਸਰਕਾਰੀ ਮਿਡਲ ਸਕੂਲ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਸਾਉਨਾ ਵਿਖੇ ਜਾਗਰੂਕਤਾ



**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾਕਟਰ ਦਵਿੰਦਰ ਢਾਡਾ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਸੀਨੀਅਰ ਮੈਡੀਕਲ ਅਫ਼ਸਰ ਪੀ .ਐਚ .ਸੀ.ਮੁਜੱਫਰਪੁਰ ਡਾਕਟਰ ਗੀਤਾਜਲੀ ਜੀ ਦੀਆਂ ਹਿਦਾਇਤਾਂ ਅਨੁਸਾਰ ਚੱਲ ਰਹੀ ਜਾਗਰੂਕਤਾ ਮੁਹਿੰਮ ਵਿੱਚ ਡਿਪਟੀ ਸਮੂਹ ਸਿੱਖਿਆ ਅਤੇ ਸੂਚਨਾ ਅਫ਼ਸਰ ਤਰਸੇਮ ਲਾਲ ਵਲੋਂ ਸਰਕਾਰੀ ਮਿਡਲ ਸਕੂਲ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਸਾਉਨਾ ਦੇ ਮੁੱਖ ਅਧਿਆਪਕਾ ਹਰਸ਼ਵਿੰਦਰ ਕੁਮਾਰ,ਜਸਵੰਤ ਸਿੰਘ, ਰੋਮਿਲਾ ਕੁਮਾਰੀ ਜੀ ਦੇ ਸਹਿਯੋਗ ਨਾਲ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ। ਇ ?ਸ ਮੌਕੇ ਤਰਸੇਮ ਲਾਲ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਚਲਾਈ ਜਾ ਰਹੀ ਮਲੇਰੀਆਂ/ ਡੈਗੂ ਜਾਗਰੂਕਤਾ ਮੁਹਿੰਮ ਤਹਿਤ ਸਾਨੂੰ ਫਰਾਈਡੇ ਡਰਾਈਡੇ ਮਨਾਉਂਦਿਆਂ ਹੋਇਆਂ ਪਾਣੀ ਖੜੇਗਾ ਜਿੱਥੇ ਮਲੇਰੀਆ ਅਤੇ ਡੇਗੂ ਫੈਲਾਉਣ ਵਾਲਾਂ ਮੱਛਰ ਪਲੇਗਾ ਉੱਥੇ ਤਹਿਤ ਸਾਨੂੰ ਆਪਣੇ ਘਰਾਂ, ਦਫ਼ਤਰਾਂ ਵਿਖੇ ਕੂਲਰਾ ,ਗਮਲਿਆਂ, ਫਰਿੱਜ ਪਿਛਲੀਆਂ ਟਰੈਆ ਤੇ ਵਾਧੂ ਪਏ ਬਰਤਨਾਂ ਆਦਿ ਨੂੰ ਹਫਤੇ ਵਿੱਚ ਇੱਕ ਵਾਰ ਪਾਣੀ ਸੁਕਾਉਣਾ ਚਾਹੀਦਾ ਹੈ। ਸਾਨੂੰ ਬੰਦ ਬਾਜ਼ੂ ਦੇ ਕੱਪੜੇ ਪਾਉਣੇ ਚਾਹੀਦੇ ਹਨ ਕਿਉ ਕਿ ਡੇਗੂ ਦਾ ਮੱਛਰ ਦਿਨ ਵੇਲੇ ਕੱਟਦਾ ਹੈ। ਇ ?ਸ ਦੇ ਨਾਲ ਹੀ ਉਨ੍ਹਾਂ ਨੇ ਬੇਟੀ ਬਚਾਓ ਬੇਟੀ ਪੜ੍ਹਾਓ ਮੁਹਿੰਮ ਤਹਿਤ-ਰੁੱਖ,ਕੁੱਖ ਤੇ ਪਾਣੀ,ਨਾ ਸਾਂਭੇ ਤਾ ਖਤਮ ਕਹਾਣੀ ਤਹਿਤ ਭਰੂਣ ਹੱਤਿਆਂ ਰੋਕਣ ਲਈ ਸਹਿਯੋਗ ਦੇਣ ਲਈ ਸਿਹਤ ਸਿੱਖਿਆ ਦਿੱਤੀ ਉਹਨਾਂ ਨੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਉਨ੍ਹਾਂ ਨੇ ਕਿਹਾ ਕਿ ਜੇਕਰ ਸਾਡੇ ਆਸ-ਪਾਸ ਕੋਈ ਵੀ ਵੀਰ ਨਸ਼ਾ ਕਰਦਾ ਹੋਵੇ ਤਾਂ ਉਸ ਨੂੰ ਪਿਆਰ ਨਾਲ ਸਮਝਾ ਕੇ ਨੇੜੇ ਦੇ ਸਰਕਾਰੀ ਓਟ ਸੈਂਟਰ ਵਿਖੇ ਭੇਜਣਾ ਚਾਹੀਦਾ ਹੈ ਤਾਂ ਜੋ ਉਹ ਨਸ਼ਾ ਛੱਡਕੇ ਤੰਦਰੁਸਤ ਜੀਵਨ ਜੀਓ ਸਕੇ। ਉਨ੍ਹਾਂ ਨੇ ਬੱਚਿਆਂ ਨੂੰ ਖੇਡਾਂ ਖੇਡਣ ਵੱਲ ਪ੍ਰੇਰਿਤ ਕੀਤਾ ਇਸ ਦੇ ਨਾਲ ਹੀ ਉਨ੍ਹਾਂ ਨੇ ਕੋਟਪਾ ਐਕਟ ਤਹਿਤ ਪੇਸਿਵ ਸਮੋਕਿੰਗ ਤੋ ਬੱਚਣ ਸਬੰਧੀ ਸਿਹਤ ਸਿੱਖਿਆ ਦਿੱਤੀ ਗਈ ਇ ?ਸ ਮੌਕੇ ਸਕੂਲ ਦੇ ਮੁੱਖ ਅਧਿਆਪਕਾ ਵਲੋਂ ਸਿਹਤ ਵਿਭਾਗ ਦੀ ਟੀਮ ਦਾ ਧੰਨਵਾਦ ਕੀਤਾ। ਇ ?ਸ ਮੌਕੇ ਹਰਵਿੰਦਰ ਸਿੰਘ,ਲੀਨਾ ਸ਼ਰਮਾ, ਮਨਜੀਤ ਕੌਰ ਸਮੂਹ ਅਧਿਆਪਕਾਂ ਅਤੇ ਬੱਚਿਆਂ ਵਲੋਂ ਸੰਪੂਰਨ ਸਹਿਯੋਗ ਦਿੱਤਾ ਗਿਆ

# ਚੰਡੀਗੜ੍ਹ ਦੀ ਗੁਨਵੀਨ ਗਿੱਲ 99.98% ਨਾਲ ਆਲ ਇੰਡੀਆ ਫੀਮੇਲ ਕੈਟਾਗਰੀ ਵਿੱਚ ਟਾਪ-10 ਟਾਪਰ ਬਣੀ

**ਚੰਡੀਗੜ੍ਹ/ਵਿਨੋਦ ਸ਼ਰਮਾ**

ਨੈਸ਼ਨਲ ਟੈਸਟਿੰਗ ਏਜੰਸੀ (ਐਨ.ਟੀ.ਏ.) ਵੱਲੋਂ ਮੰਗਲਵਾਰ ਨੂੰ ਐਲਾਨੇ ਗਏ ਸੰਯੁਕਤ ਪ੍ਰਵੇਸ਼ ਪ੍ਰੀਖਿਆ (ਜੇ.ਈ.ਈ.) ਮੇਨ 2023 ਸੈਸ਼ਨ-1 ਦੇ ਨਤੀਜਿਆਂ 'ਚ ਸ਼੍ਰੀ ਚੈਤੰਨਿਆ ਇੰਸਟੀਚਿਊਟ ਦੀ ਗੁਨਵੀਨ ਗਿੱਲ ਨੇ ਉਵਰਆਲ 99.98 ਫੀਸਦੀ ਦੇ ਨਾਲ ਫਿ ?ਜਕਸ ਵਿੱਚ 100 ਫੀਸਦੀ ਅੰਕ ਹਾਸਲ ਕਰਕੇ ਆਲ ਇੰਡੀਆ ਟਾਪਰ ਅੰਡਰ ਫੀਮੇਲ ਕੈਟਾਗਰੀ ਬਣ ਗਈ ਹੈ।

ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੀ ਗੁਨਵੀਨ ਪਿਛਲੇ ਚਾਰ ਸਾਲਾਂ ਤੋਂ ਸ਼੍ਰੀ ਚੈਤੰਨਿਆ ਤੋਂ ਕੋਚਿੰਗ ਲੈ ਰਹੀ ਹੈ ਅਤੇ ਆਈਆਈਟੀ ਦਿੱਲੀ ਦਾ ਟੀਚਾ ਹੈ। ਗੁਨਵੀਨ ਦੇ ਮਾਤਾ-ਪਿਤਾ ਡਾਕਟਰ ਹਨ ਅਤੇ ਉਹ ਰੋਜ਼ਾਨਾ 12 ਘੰਟੇ ਪੜ੍ਹਾਈ ਲਈ ਸਮਰਪਿਤ ਕਰਦੀ ਹੈ। ਉਸ ਨੇ ਦੱਸਿਆ ਕਿ ਸ੍ਰੀ ਚੈਤੰਨਿਆ ਦੀ ਪੜ੍ਹਾਈ ਦਾ ਮਾਹੌਲ ਹਮੇਸ਼ਾ ਉਸ ਨੂੰ ਬਿਹਤਰ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕਰਦਾ ਰਿਹਾ ਹੈ। ਇੱਕ ਨਿਯਮਤ ਕਲਾਸਰੂਮ ਵਿਦਿਆਰਥੀ ਹੋਣ ਤੋਂ ਇਲਾਵਾ, ਗੁਨਵੀਨ ਇੱਕ NTSE ਅਤੇ INMO ਸਕਾਲਰ ਧਾਰਕ ਵੀ ਹੈ। ਉਸ ਨੇ ਦੱਸਿਆ ਕਿ ਹੁਣ ਉਹ ਆਪਣਾ ਧਿਆਨ ਜੇਈਈ ਐਡਵਾਂਸ ਨੂੰ ਕਰੈਕ ਕਰਨ 'ਤੇ ਰੱਖੇਗੀ। ਉਸਦੀ ਕੋਸ਼ਿਸ਼



ਆਈਆਈਟੀ ਦਿੱਲੀ ਵਿੱਚ ਕੰਪਿਊਟਰ ਸਾਇੰਸ ਵਿੱਚ ਬੀ.ਟੈਕ ਕਰਨ ਦੀ ਹੈ।

ਦੂਜੇ ਪਾਸੇ, ਚਿਦਵਿਲਾਸ ਨੇ 290/300 ਅੰਕਾਂ ਨਾਲ ਕੁੱਲ ਮਿਲਾ ਕੇ 100%, ਭੌਤਿਕ ਵਿਗਿਆਨ ਅਤੇ ਗਣਿਤ ਵਿੱਚ 100% ਅਤੇ ਕੈਮਿਸਟਰੀ ਵਿੱਚ 99.97% ਅੰਕ ਪ੍ਰਾਪਤ ਕੀਤੇ ਹਨ। ਇੱਕ NTSE ਸਕਾਲਰ ਹੋਣ ਦੇ ਨਾਲ, ਉਸਨੇ ਕਿਸ਼ੋਰ ਵੈਗਿਆਨਿਕ ਪ੍ਰੋਤਸਾਹਨ ਯੋਜਨਾ ਦੇ ਆਲ ਇੰਡੀਆ ਰੈਂਕ ਵਿੱਚ ਸੱਤਵਾਂ ਸਥਾਨ ਪ੍ਰਾਪਤ ਕੀਤਾ ਹੈ। ਆਈਨਸਟਾਈਨ ਨੂੰ ਆਪਣਾ ਰੋਲ ਮਾਡਲ ਮੰਨਣ ਵਾਲੇ ਚਿਦਵਿਲਾਸ ਦਾ ਸੁਪਨਾ ਆਈਆਈਟੀ ਮੁੰਬਈ ਵਿੱਚ ਕੰਪਿਊਟਰ ਸਾਇੰਸ ਵਿੱਚ ਦਾਖ਼ਲਾ ਲੈਣ ਦਾ ਹੈ।

ਸ੍ਰੀ ਚੈਤੰਨਿਆ ਇੰਸਟੀਚਿਊਟ ਦੇ ਹੋਰ ਵਿਦਿਆਰਥੀਆਂ ਵਿੱਚੋਂ, ਵਾਸੂ ਨੇ ਵੀ ਭੌਤਿਕ ਵਿਗਿਆਨ ਵਿੱਚ ਕੁੱਲ 99.89% ਅੰਕਾਂ ਨਾਲ 100% ਅੰਕ ਪ੍ਰਾਪਤ ਕੀਤੇ ਹਨ।

ਸ੍ਰੀ ਚੈਤੰਨਿਆ ਦੇ 45 ਤੋਂ ਵੱਧ ਵਿਦਿਆਰਥੀ ਹਨ ਜਿਨ੍ਹਾਂ ਨੇ 99 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ। ਇਸ ਪ੍ਰਾਪਤੀ 'ਤੇ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਸੈਂਟਰ ਦੇ ਡਾਇਰੈਕਟਰ ਮ੍ਰਿਣਾਲ ਸਿੰਘ ਨੇ ਕਿਹਾ ਕਿ ਸ਼ੁਰੂਆਤੀ ਦਿਨਾਂ 'ਚ ਇਹ ਬੱਚੇ ਦੂਜੇ ਬੱਚਿਆਂ ਵਾਂਗ ਸੰਘਰਸ਼ ਕਰ ਰਹੇ ਸਨ ਪਰ ਸੰਸਥਾ 'ਚ ਪੜ੍ਹਾਈ ਦੇ ਵੱਖ-ਵੱਖ ਪਹਿਲੂਆਂ ਨੂੰ ਸਮਝ ਕੇ ਅੰਤ 'ਚ ਵਧੀਆ ਨਤੀਜੇ ਦੇ ਕੇ ਆਪਣੇ ਆਪ ਨੂੰ ਸਾਬਤ ਕਰ ਦਿੱਤਾ। ਇਹ ਨਾ ਸਿਰਫ਼ ਉਸ ਲਈ ਸਗੋਂ ਸ੍ਰੀ ਚੈਤੰਨਿਆ ਲਈ ਮਾਣ ਵਾਲੀ ਗੱਲ ਹੈ।

## ਜਲੰਧਰ ਦੇ ਸਾਬਕਾ ਮੇਅਰ ਤੇ ਭਾਜਪਾ ਆਗੂ ਸੁਨੀਲ ਜੋਤੀ ਦਾ ਦੇਹਾਂਤ



**ਜਲੰਧਰ/ਕਰਨ ਪਾਲ**

ਜਲੰਧਰ ਤੋਂ ਇਕ ਦੁਖਦਾਈ ਖਬਰ ਸਾਹਮਣੇ ਆਈ ਹੈ। ਜਲੰਧਰ ਦੇ ਸਾਬਕਾ ਮੇਅਰ ਅਤੇ ਭਾਜਪਾ ਦੇ ਸੀਨੀਅਰ ਆਗੂ ਸੁਨੀਲ ਜੋਤੀ ਦਾ ਦੇਹਾਂਤ ਹੋ ਗਿਆ। ਸੁਨੀਲ ਜੋਤੀ ਪਿਛਲੇ ਕਾਫੀ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਜਿਨ੍ਹਾਂ ਦਾ ਅੱਜ ਦੁਪਹਿਰੇ ਅਚਾਨਕ ਦੇਹਾਂਤ ਹੋ ਗਿਆ ।

## ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਨਵਾਂਸ਼ਹਿਰ ਦੀ ਜ਼ਿਲ੍ਹਾ ਕਾਰਜਕਾਰਨੀ ਦੀ ਬੈਠਕ ਸਪੰਨ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਨਵਾਂਸ਼ਹਿਰ ਦੀ ਕਾਰਜਕਾਰਨੀ ਦੀ ਬੈਠਕ ਜ਼ਿਲ੍ਹਾ ਨਵਾਂਸ਼ਹਿਰ ਦੇ ਹਲਕਾ ਨਵਾਂਸ਼ਹਿਰ ਵਿਖੇ ਜ਼ਿਲ੍ਹਾ ਪ੍ਰਧਾਨ ਅਸ਼ੋਕ ਬਾਠ ਦੀ ਅਗਵਾਈ ਹੇਠ ਸਪੰਨ ਹੋਈ। ਇਸ ਬੈਠਕ ਅਨਿਲ ਸਚੱਰ ਪ੍ਰਦੇਸ਼ ਸੈਕਟਰੀ ਵਿਸ਼ੇਸ਼ ਰੂਪ ਵਿਚ ਮੌਜੂਦ ਰਹੇ ਇਹਨਾਂ ਤੋਂ ਇਲਾਵਾ ਸ੍ਰੀਮਤੀ ਵਰਿੰਦਰ ਕੌਰ ਥਾਂਦੀ ਰਾਸ਼ਟਰੀ ਉਪ ਪ੍ਰਧਾਨ ਭਾਜਪਾ ਮਹਿਲਾ ਮੋਰਚਾ, ਜ਼ਿਲ੍ਹਾ ਇੰਚਾਰਜ ਸ੍ਰੀਮਤੀ ਲਖਵਿੰਦਰ ਕੌਰ ਗਰਚਾ ਪ੍ਰਦੇਸ਼ ਵਾਇਸ ਪ੍ਰਧਾਨ, ਅਜੇ ਜੋਸ਼ੀ ਪ੍ਰਦੇਸ਼ ਭਾਜਪਾ ਟਰਾਂਸਪੋਰਟ ਸੈਲ ਦੇ ਕਨਵੀਨਰ,ਡਾ ਪੂਨਮ ਮਾਨਕ ਹਲਕਾ ਇੰਚਾਰਜ ਅਤੇ ਪੂਰਵ ਜ਼ਿਲ੍ਹਾ ਪ੍ਰਧਾਨ ਅਤੇ ਭਾਜਪਾ ਦੀ ਸਮੂਚੀ ਜ਼ਿਲ੍ਹਾ ਅਤੇ ਸਾਰੇ ਮੰਡਲ ਟੀਮ ਦੇ ਅਹੁਦੇਦਾਰ ਮੌਜੂਦ ਰਹੇ।ਇਸ ਵਿਚ ਜ਼ਿਲ੍ਹਾ ਪ੍ਰਧਾਨ ਅਸ਼ੋਕ ਬਾਠ ਦੇ ਸਵਾਗਤੀ ਭਾਸ਼ਣ ਨਾਲ ਪ੍ਰੋਗਰਾਮ ਦਾ ਆਗਾਜ਼ ਹੋਇਆ ਜਿਹਨਾਂ ਨੇ ਵੱਖ ਵੱਖ ਮੁਦਿਆਂ ਸਮੇਤ ਜ਼ਿਲ੍ਹਾ ਦੇ ਮੁਦਿਆਂ ਨੂੰ ਸਾਹਮਣੇ ਲਿਆਂਦਾ।ਅਨਿਲ ਸਚੱਰ ਪ੍ਰਦੇਸ਼ ਸੈਕਟਰੀ ਨੇ



ਪਾਰਟੀ ਦੀ ਸਗੰਠਨਾਤਮਕ ਵਿਉਂਤਬੰਦੀ ਤੇ ਵਿਸਥਾਰ ਨਾਲ ਚਾਨਣਾ ਪਾਇਆ। ਸ੍ਰੀਮਤੀ ਲਖਵਿੰਦਰ ਕੌਰ ਗਰਚਾ, ਸ੍ਰੀਮਤੀ ਵਰਿੰਦਰ ਕੌਰ ਥਾਂਦੀ,ਡਾ ਪੂਨਮ ਮਾਨਕ ਅਤੇ ਹੋਰ ਬੁਲਾਰਿਆਂ ਨੇ ਵੱਖ ਵੱਖ ਵਿਸ਼ਿਆਂ ਉੱਪਰ ਵਿਸਥਾਰ ਵਿਚ ਚਰਚਾ ਕੀਤੀ।

## ਦੜਾ ਸੱਟਾ ਲਗਾਉਂਦਾ ਇੱਕ ਕਾਬੂ, ਮਾਮਲਾ ਦਰਜ

**ਲੁਧਿਆਣਾ/ਰਾਜੂ ਵਾਲੀਆ**

ਥਾਣਾ ਡਿਵੀਜਨ 2 ਦੇ ਅਧੀਨ ਆਓਂਦੇ ਖੇਤਰ ਅਮਰਪੁਰਾ ਰੋੜ੍ਹ ਤੇ ਪੁਲਿਸ ਨੇ ਦੜਾ ਸੱਟਾ ਲਗਾਉਂਦਾ ਇਕ ਕਾਬੂ ਕੀਤਾ ਹੈ। ਮਿਲੀ ਜਾਣਕਾਰੀ ਤੋਂ ਪਤਾ ਚਲਿਆ ਹੈ ਕਿ ਹੈਪੀ ਨਾਰੰਗ ਪੁੱਤਰ ਗੁਲਜ਼ਾਰੀ ਨਾਰੰਗ ਵਾਸੀ ਨੇੜੇ ਸ਼ਨੀ ਮੰਦਰ,ਹਬੀਬ ਗੰਜ ਆਪਣੀ ਦੁਕਾਨ ਜੋ ਕਿ ਅਮਰਪੁਰਾ ਵਿਖੇ ਸਥਿਤ ਹੈ ਵਿਚ ਦੜਾ ਸੱਟਾ ਲਗਾ ਰਿਹਾ ਸੀ ਜਿਸ ਨੂੰ ਏ ਐਸ ਆਈ ਜਗਤਾਰ ਸਿੰਘ ਤੇ ਪੁਲਿਸ ਪਾਰਟੀ ਵਲੋਂ ਕਾਬੂ ਕੀਤਾ ਹੈ ਜਿਸ ਦੀ ਤਲਾਸ਼ੀ ਲੈਣ ਤੇ ਉਸ ਕੋਲੋਂ 970 ਰੁ: ਦੀ ਕਰੰਸੀ ਬਰਾਮਦ ਕਰ ਧਾਰਾ -13ਏ/3/67ਜੀ ਐਕਟ 7 (3) ਲੋਟਰੀ ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

## ਪੀ ਐੱਚ ਸੀ ਰਣਜੀਤ ਬਾਗ ਵਿਖੇ ਸਾਂਸ ਪ੍ਰੋਗਰਾਮ ਸੰਬੰਧੀ ਮੀਟਿੰਗ ਕੀਤੀ

**ਦੋਰਾਂਗਲਾ/ਰਾਕੇਸ਼ ਜੀਵਨ ਚੱਕ**

ਸਿਵਲ ਸਰਜਨ ਗੁਰਦਾਸਪੁਰ ਡਾ ਕੁਲਵਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਡਾ ਅਨੀਤਾ ਗੁਪਤਾ ਦੀ ਅਗਵਾਈ ਹੇਠ ਪੀ ਐੱਚ ਸੀ ਰਣਜੀਤ ਬਾਗ ਵਿਖੇ ਸਾਂਸ ਪ੍ਰੋਗਰਾਮ ਸੰਬੰਧੀ ਮੀਟਿੰਗ ਕੀਤੀ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ ਅਨੀਤਾ ਗੁਪਤਾ ਨੇ ਪੋਸਟਰ ਰਿਲੀਸ ਕੀਤੇ ਅਤੇ ਕਿਹਾ ਕਿ ਜੇ ਅਸੀਂ ਸਮੇਂ ਸਿਰ ਨਿਮੋਨੀਆ ਦੀ ਪਛਾਣ ਕਰਨ ਦੇ ਯੋਗ ਹੁੰਦੇ ਹਾਂ ਤਾਂ ਨਿਮੋਨੀਆ ਕਾਰਨ ਹੋਣ ਵਾਲੀਆਂ ਮੌਤਾਂ ਨੂੰ ਰੋਕਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਕੈਮਪੈਨ ਦਾ ਮਕਸਦ ਹੈ ਕੀ ਪਿੰਡਾਂ ਵਿੱਚ ਆਸ਼ਾ ਦਵਾਰਾ ਕਮਜ਼ੋਰ ਬੱਚਿਆਂ ਦੀ ਪਛਾਣ ਕਰਕੇ ਉਹਨਾਂ ਨੂੰ ਲੋੜੀਂਦਾ ਜਾਂਚ ਅਤੇ ਇਲਾਜ ਬਾਰੇ ਜਾਣਕਾਰੀ ਦੇਣਾ ਹੈ ਤਾਂ ਜੋ ਬਾਲ ਮੌਤ ਦਰ ਨੂੰ ਘਟਾਉਣ ਵਿੱਚ ਮਦਦ ਹੋਵੇ।



ਇਸ ਮੌਕੇ ਬਲਾਕ ਐਜੂਕੇਟਰ ਸੰਦੀਪ ਕੌਰ ਨੇ ਦੱਸਿਆ ਕਿ ਆਸ਼ਾ ਵਰਕਰਾਂ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਨਿਮੋਨੀਆ ਦੇ ਲੱਛਣਾਂ ਲਈ ਮੁਲਾਂਕਣ ਕਰਕੇ ਉਹਨਾਂ ਨੂੰ ਉਚਿਤ ਇਲਾਜ ਲਈ ਰੈਫਰ ਕਰਨ। ਉਨ੍ਹਾਂ ਕਿਹਾ ਕਿ ਬੱਚਿਆਂ ਦੀ ਦੇਖਭਾਲ ਕਰਨ ਵਾਲਿਆਂ ਨੂੰ ਸਿਹਤ ਸਹੂਲਤ ਪੱਧਰ 'ਤੇ ਬਚਪਨ ਦੇ ਨਿਮੋਨੀਆ ਦੀ ਰੋਕਥਾਮ ਅਤੇ ਨਿਯੰਤਰਣ ਦੇ ਉਪਾਵਾਂ ਬਾਰੇ ਸਲਾਹ ਮਿਲ ਸਕਦੀ ਹੈ।

ਇਸ ਮੌਕੇ ਡਾ ਗੀਨਾ ਏ ਐਮ ਓ, ਰਾਸ਼ਟਰੀਆਂ ਬਾਲ ਸਵਾਸਥ ਕਾਰਯਕਰਮ ਨੇ ਸਰਕਾਰ ਵੱਲੋ ਚੱਲ ਰਹੇ ਇਸ ਪ੍ਰੋਗਰਾਮ ਤਹਿਤ ਮੁਫ਼ਤ ਇਲਾਜ ਸਹੂਲਤਾ ਬਾਰੇ ਆਸ਼ਾ ਵਰਕਰਾਂ ਨੂੰ ਦੱਸਿਆਂ ਅਤੇ ਕਿਹਾ ਕਿ ਲੋਕਾਂ ਤੱਕ ਇਸ ਜਾਣਕਾਰੀ ਨੂੰ ਪਹੁੰਚਾਉਣ ਤਾਂ ਜੋ ਵੱਧ ਤੋਂ ਵੱਧ ਲੋਕ ਇਸ ਦਾ ਫਾਇਦਾ ਉਠਾਅ ਸਕਣ । ਇਸ ਮੌਕੇ ਗੁਰਜੀਤ ਸਿੰਘ ਐਚ ਆਈ, ਹਰਬੰਸ ਕੌਰ ਐਲ ਐਚ ਵੀ, ਨਮਿੰਦਰ ਕੌਰ ਐਲ ਐਚ ਵੀ, ਕੌਸ਼ਲਿਆ ਦੇਵੀ ਐਲ ਐਚ ਵੀ ਅਤੇ ਆਸ਼ਾ ਵਰਕਰਾਂ ਆਦਿ ਹਾਜ਼ਰ ਸਨ।

# ਸ਼੍ਰੋਮਣੀ ਭਗਤ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ

## ਭਗਤ ਰਵਿਦਾਸ ਜੀ ਨੇ ਜਾਤ-ਪਾਤ ਤੋਂ ਉਪਰ ਉਠ ਕੇ ਸਰਬਸਾਂਝੀਵਾਲਤਾ ਦਾ ਉਪਦੇਸ਼ ਦਿੱਤਾ- ਜਥੇ: ਨਿਮਾਣਾ

**ਲੁਧਿਆਣਾ/ਲੋਕ ਬਾਣੀ**

ਗੁਰਦੁਆਰਾ ਸ਼੍ਰੀ ਗੁਰੂ ਰਵੀਦਾਸ ਜੀ, ਪਿੰਡ ਸਿਆੜ੍ਹ ਵਿਖੇ, ਸ਼੍ਰੋਮਣੀ ਭਗਤ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਨੁੱਖਤਾ ਦੇ ਭਲੇ ਲਈ ਭਾਈ ਘੱਨ੍ਹਈਆ ਜੀ ਮਿਸ਼ਨ ਸੇਵਾ ਸੁਸਾਇਟੀ ਵੱਲੋਂ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ 608ਵਾ ਮਹਾਨ ਖ਼ੂਨਦਾਨ ਕੈਂਪ ਸਮੂਹ ਨਗਰ ਨਿਵਾਸੀਆਂ ਅਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਖ਼ੂਨਦਾਨ ਕੈਂਪ ਦਾ ਉਦਘਾਟਨ ਬਾਬਾ ਠਾਕੁਰ ਸਿੰਘ ਜੀ ਨੇ ਕੀਤਾ।ਇਸ ਮੌਕੇ ਤੇ ਭਾਈ ਘੱਨ੍ਹਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਕਰਦਿਆਂ ਕਿਹਾ ਕਿ ਕ੍ਰਾਂਤੀਕਰੀ ਸਮਾਜ ਸੁਧਾਰਕ ਸ਼੍ਰੋਮਣੀ ਭਗਤ ਗੁਰੂ ਰਵਿਦਾਸ ਜੀ ਨੇ ਸਮਾਜਿਕ ਕੁਰੀਤੀਆਂ ਦਾ ਖੰਡਣ ਕਰਕੇ ਜਾਤ-ਪਾਤ ਤੋਂ ਉਪਰ ਉਠ ਕੇ ਸਮੁੱਚੀ ਮਾਨਵਤਾ ਸਰਬਸਾਂਝੀਵਾਲਤਾ ਦਾ ਉਪਦੇਸ਼ ਦਿੱਤਾ। ਅਤੇ ਸ਼੍ਰੋਮਣੀ ਭਗਤ ਗੁਰੂ ਰਵਿਦਾਸ ਜੀ ਦੇ ਦਸੇ ਮਾਰਗ ਦਰਸ਼ਨ ਤੇ ਚੱਲਦਿਆਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ





ਮਨੁੱਖਤਾ ਦੇ ਭਲੇ ਲਈ ਲਗਾਏ ਗਏ ਖ਼ੂਨਦਾਨ ਕੈਂਪ ਦੀ ਸ਼ਲਾਘਾ ਕੀਤੀ । ਜਥੇਦਾਰ ਨਿਮਾਣਾ ਨੇ ਕਿਹਾ ਕਿ ਖ਼ੂਨਦਾਨ ਕੈਂਪ ਲਗਾਉਣ ਨਾਲ ਸਮਾਜ ਦੇ ਵਿੱਚ ਆਪਸੀ ਭਾਈਚਾਰਕ ਸਾਂਝ ਮਜ਼ਬੂਤ ਹੁੰਦੀ ਹੈ ਅਤੇ ਦੁਸ਼ਮਣੀ ਖਤਮ ਹੁੰਦੀ ਹੈ ਸੰਸਾਰ ਵਿੱਚ ਖ਼ੂਨਦਾਨ ਸਭ ਤੋਂ ਵੱਡਾ ਪੁੰਨ ਦਾ ਦਾਨ ਹੈ ਇਸ ਮੌਕੇ ਤੇ ਭਾਈ ਘੱਨ੍ਹਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਖ਼ੂਨਦਾਨੀਆਂ ਨੂੰ ਸਰਟੀਫ਼ ?ਕੇਟ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਅਤੇ ਦੱਸਿਆ ਕਿ ਖ਼ੂਨਦਾਨ ਕੈਂਪ ਦੌਰਾਨ 30 ਬਲੱਡ ਯੂਨਿਟ ਸਿਵਿਲ ਹਸਪਤਾਲ ਦੀ ਟੀਮ ਦੇ ਨਿੱਘੇ ਸਹਿਯੋਗ ਨਾਲ ਇਕੱਤਰ ਕੀਤਾ ਗਿਆ ਖ਼ੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿਚ ਦਿਤਾ ਜਾਵੇਗਾ।

ਇਸ ਮੌਕੇ ਲਖਵੀਰ ਸਿੰਘ, ਬਲਵਿੰਦਰ ਸਿੰਘ,ਹਰਜਿੰਦਰ ਸਿੰਘ, ਪ੍ਰਗਟ ਸਿੰਘ, ਦਵਿੰਦਰ ਸਿੰਘ, ਰੂਪ ਸਿੰਘ, ਜਗਰੂਪ ਸਿੰਘ, ਮਨਪ੍ਰੀਤ ਸਿੰਘ, ਟਹਿਲ ਸਿੰਘ, ਜਗਤਾਰ ਸਿੰਘ, ਗਗਨਦੀਪ ਸਿੰਘ, ਮਨਦੀਪ ਸਿੰਘ ਮਨਮੀਤ ਸਿੰਘ,ਸ਼ਿੰਗਾਰਾ ਸਿੰਘ ਪੱਪੂ, ਹਰਪ੍ਰੀਤ ਸਿੰਘ, ਉਜਾਗਰ ਸਿੰਘ, ਗੁਰਮੇਲ ਸਿੰਘ, ਪ੍ਰਕਾਸ਼ ਸਿੰਘ ਪਾਸੀ, ਗੁਰਸ਼ਰਨ ਸਿੰਘ ਬਿਟੂ, ਬਲਜੀਤ ਸਿੰਘ ਹੈਪੀ ਆਦਿ ਹਾਜ਼ਰ ਸਨ

# ਆਟੋ ਚਾਲਕਾਂ ਵਾਲਿਆਂ ਵੱਲੋਂ ਦਿੱਤਾ ਜਾ ਰਿਹਾ ਹੈ ਵਾਰਦਾਤਾਂ ਨੂੰ ਅੰਜਾਮ

## ਇਕ ਆਟੋ,15 ਮੋਬਾਈਲ ਤੇ ਇਕ ਦਾਤਰ ਸਮੇਤ ਦੋ ਕਾਬੂ,ਮਾਮਲਾ ਦਰਜ

**ਲੁਧਿਆਣਾ/ਰਾਜੂ ਵਾਲੀਆ**

ਥਾਣਾ ਸਲੇਮ ਟਾਬਰੀ ਦੇ ਅਧੀਨ ਪੈਂਦੇ ਖੇਤਰ ਪੀਰੂ ਬੰਦਾ ਕਟ ਕੋਲ ਪੁਲਿਸ ਵੱਲੋਂ ਦੋ ਆਰੋਪੀਆਂ ਨੂੰ ਗ੍ਰਿਫ਼ਤਾਰ ਕਰ ਮਾਮਲਾ ਦਰਜ ਕਰ ਲਿਆ ਗਿਆ ਹੈ ਪੁਲਿਸ ਵਲੋਂ ਆਰੋਪੀਆਂ ਕੋਲੋ ਇਕ ਆਟੋ,15 ਮੋਬਾਈਲ ਤੇ ਇਕ ਦਾਤਰ ਬਰਾਮਦ ਕੀਤਾ ਹੈ

ਜਾਣਕਾਰੀ ਦਿੰਦੇ ਹੋਏ ਥਾਣਾ ਸਲੇਮ ਟਾਬਰੀ ਦੇ ਸਭ ਇੰਸਪੈਕਟਰ ਹਰਮੇਸ਼ ਲਾਲ ਨੇ ਦੱਸਿਆ ਕਿ ਉਹ ਆਪਣੀ ਪੁਲਸ ਪਾਰਟੀ ਸਮੇਤ ਗਸ਼ਤ ਕਰ ਰਹੇ ਸਨ ਕਿ ਉਨ੍ਹਾਂ ਨੂੰ ਮੁਖਬਰ ਵੱਲੋ ਖਾਸ ਇਤਲਾਹ ਦਿੱਤੀ ਗਈ ਕਿ ਦੋਸ਼ੀ ਮੰਗਤ ਸਿੰਘ ਪੁੱਤਰ ਸੁਦਾਗਰ ਸਿੰਘ ਅਤੇ ਰੋਹਿਤ ਪੁੱਤਰ ਮੰਗਤ ਸਿੰਘ ਵਾਸੀ ਬਾਵੇ ਵਾਲੀ ਗਲੀ, ਨੇੜੇ ਧਰਮ-ਕੰਡਾ ਮੇਹਰਬਾਨ ਰਾਹੋਂ ਰੋਡ ਆਪਣੇ ਆਟੋ ਪੀ ਬੀ 10 ਡੀ ਕੇ 3462 ਵਿਚ ਸਵਾਰੀਆਂ ਬਿਠਾ ਕੇ ਸੁਨਸਾਨ ਰਸਤੇ ਚ ਲੈ ਜਾ ਕੇ ਤੇਜਧਾਰ ਹਥਿਆਰਾਂ ਦੀ ਨੋਕ ਤੇ ਓਹਨਾ ਨਾਲ ਮਾਰ-ਕੁਟ ਕਰਦੇ ਹਨ ਅਤੇ ਉਹਨਾਂ ਦਾ ਸਮਾਨ ਮੋਬਾਇਲ,ਪੈਸੇ ਵਗੈਰਾ ਖੋ ਲੈਂਦੇ ਹਨ ਉਨ੍ਹਾਂ ਦੱਸਿਆ ਕਿ ਮੁਖਵਰ ਦੀ ਖਾਸ ਇਤਲਾਹ ਤੇ ਹੀ ਉਨ੍ਹਾਂ ਨੇ ਆਰੋਪੀਆਂ ਨੂੰ ਕਾਬੂ ਕੀਤਾ ਹੈ ਜਿਨ੍ਹਾਂ ਕੋਲੋਂ ਇਕ ਆਟੋ,15 ਮੋਬਾਈਲ ਤੇ ਇਕ ਦਾਤਰ ਬਰਾਮਦ ਕੀਤਾ ਗਿਆ ਹੈ ਅਤੇ ਦੋਸ਼ੀਆਂ ਖਿਲਾਫ ਧਾਰਾ-379/ਬੀ,411,34 ਆਈ.ਪੀ.ਸੀ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ

# ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਛੋਟੇ-ਛੋਟੇ ਬੱਚਿਆਂ ਨੂੰ ਜ਼ਮੀਨ ਤੇ ਬਿਨਾ ਟਾਟ ਦੇ ਬਿਠਾ ਕੇ ਖੁਆਇਆ ਜਾ ਰਿਹਾ ਮਿਡ ਡੇ ਮੀਲ

## ਸਰਕਾਰ ਵਲੋਂ ਸਰਕਾਰੀ ਸਕੂਲਾਂ ਵਿਚ ਮੁਹਈਆ ਕੀਤੀਆਂ ਜਾਂਦੀਆਂ ਹਨ ਲੋੜੀਂਦੀਆਂ ਸਹੂਲਤਾਂ

**ਲੁਧਿਆਣਾ/ਰਾਜੂ ਵਾਲੀਆ**

ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿੱਖਿਆ ਨੂੰ ਲੈ ਕੇ ਕਈ ਉਪਰਾਲਿਆਂ ਦੇ ਆਏ ਦਿਨ ਇਸ਼ਤਿਹਾਰ ਤੇ ਹੋਲਡਿੰਗ ਬੋਰਡ ਲਗਾਏ ਜਾ ਰਹੇ ਹਨ ਪਰ ਦੇਖਿਆ ਜਾਵੇ ਤਾਂ ਜ਼ਮੀਨੀ ਪੱਧਰ ਤੇ ਤਸਵੀਰਾਂ ਕੁਛ ਹੋਰ ਬਿਆਨ ਕਰਦੀਆਂ ਹਨ। ਸਰਕਾਰੀ ਸਕੂਲਾਂ ਵਿੱਚ ਸਰਕਾਰ ਵਲੋਂ ਕਈ ਲੋੜੀਂਦੀਆਂ ਸਹੂਲਤਾਂ ਮੁਹਈਆ ਕੀਤੀਆਂ ਗਈਆਂ ਹਨ ਪਰ ਇਸ ਦੇ ਬਾਵਜੂਦ ਵੀ ਕਈ ਸਰਕਾਰੀ ਸਕੂਲਾਂ ਵਿੱਚ ਸਰਕਾਰ ਵੱਲੋਂ ਦਿੱਤੀਆਂ ਹੋਈਆਂ ਸਹੂਲਤਾਂ ਦੇ ਬਾਵਜੂਦ ਵੀ ਸਕੂਲ ਪ੍ਰਸ਼ਾਸ਼ਨ ਵੱਲੋਂ ਬੱਚਿਆਂ ਨੂੰ ਕਈ ਅਹਿਮ ਸਹੂਲਤ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ। ਚੰਗੀ ਸਿੱਖਿਆ ਨੂੰ ਲੈ ਕੇ ਸਰਕਾਰ ਵੱਲੋਂ ਕੀਤੇ ਜਾ ਰਹੇ ਸਰਕਾਰੀ ਸਕੂਲਾਂ ਦੇ ਵੱਡੇ ਵੱਡੇ ਦਾਅਵੇ ਹਕੀਕਤ ਵਿਚ ਕੁਝ ਹੋਰ ਹੀ ਦੱਸ ਰਹੇ ਹਨ ਜੇਕਰ ਗੱਲ ਕਰੀਏ ਤਾਂ ਮੌਜੂਦਾ ਸਰਕਾਰ ਆਮ ਆਦਮੀ ਪਾਰਟੀ ਦੇ ਸੀਐੱਮ ਭਗਵੰਤ ਮਾਨ ਵੱਲੋਂ ਸਿੱਖਿਆ ਨੂੰ ਲੈ ਕੇ ਕਈ ਅਹਿਮ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਆਉਣ ਵਾਲੇ ਸਮੇਂ ਵਿਚ ਪ੍ਰਾਈਵੇਟ ਸਕੂਲਾਂ ਦੇ ਬਜਾਏ ਹਰ ਇਕ ਵਿਅਕਤੀ ਆਪਣੇ ਬੱਚਿਆਂ ਨੂੰ



ਸਰਕਾਰੀ ਸਮਾਰਟ ਸਕੂਲਾਂ ਵਿੱਚ ਚੰਗੀ ਸਿੱਖਿਆ ਦੇ ਨਾਲ-ਨਾਲ ਸਰਕਾਰ ਵੱਲੋਂ ਮੁਹਈਆ ਹੋ ਰਹੀਆਂ ਹਰ ਇੱਕ ਅਹਿਮ ਸਹੂਲਤਾਂ ਦਾ ਲਾਭ ਉਠਾ ਸਕੇ। ਅਗਰ ਗੱਲ ਕੀਤੀ ਜਾਵੇ ਹਲਕਾ ਦੱਖਣੀ ਦੇ ਅਧੀਨ ਪੈਂਦੇ ਗਿਆਸਪੁਰਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਤਾਂ ਪੁਠੇ ਕਵਰੇਜ ਕਰਨ ਗਏ ਪੱਤਰਕਾਰਾਂ ਵੱਲੋਂ ਦੇਖਿਆ ਗਿਆ ਕਿ ਸਕੂਲ ਵਿਚ ਛੋਟੇ-ਛੋਟੇ ਬੱਚਿਆਂ ਨੂੰ ਜ਼ਮੀਨ ਤੇ ਬਿਠਾ ਕੇ ਮਿਡ ਡੇ ਮੀਲ ਖੁਆਇਆ ਜਾ ਰਿਹਾ ਹੈ। ਜਦ ਇਸ ਸੰਬੰਧੀ ਸਰਕਾਰੀ ਪ੍ਰਾਇਮਰੀ ਸਕੂਲ ਗਿਆਸਪੁਰਾ ਦੀ ਪ੍ਰਿੰਸੀਪਲ ਨਿਸ਼ੂ ਦੇ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਵਲੋਂ ਆਪਣੇ ਸਟਾਫ ਉਪਰ ਜ਼ਿੰਮੇਵਾਰੀ ਸੁੱਟ ਦਿੱਤੀ ਗਈ ਅਤੇ ਪੱਤਰਕਾਰਾਂ ਨੂੰ ਖ਼ਬਰ ਪ੍ਰਕਾਸ਼ਿਤ ਨਾ ਕਰਨ ਲਈ ਕਿਹਾ ਗਿਆ ਜਦ ਉਹਨਾਂ ਦੇ ਸਕੂਲ ਦੇ ਸਟਾਫ ਨਾਲ ਇਸ ਬਾਰੇ ਗੱਲ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਸਰਕਾਰ ਵੱਲੋਂ ਉਨ੍ਹਾਂ ਨੂੰ ਸਾਰੀਆਂ ਸਹੂਲਤਾਂ ਮੁਹਇਆ ਹੋਈਆਂ ਹਨ ਅਤੇ ਉਹਨਾਂ ਦੇ ਸਕੂਲ ਵਿਚ ਟਾਟ ਦੀ ਕੋਈ ਕਮੀ ਨਹੀਂ ਹੈ ਤੇ ਸਕੂਲ ਦੇ ਸਟਾਫ ਵੱਲੋਂ ਆਪਣੀਆਂ ਕਮੀਆਂ ਨੂੰ ਛੁਪਾਉਂਦੇ ਹੋਏ ਕਿਹਾ ਕਿ ਉਹਨਾਂ ਕੋਲੋਂ ਗਲਤੀ ਹੋ ਗਈ ਹੈ ਤੇ ਹੁਣ ਉਨ੍ਹਾਂ ਵੱਲੋਂ ਇਸ ਦਾ ਪੂਰਾ ਧਿਆਨ ਰੱਖਿਆ ਜਾਵੇਗਾ।

WEBSITE : WWW.LOKBANI.COM
lokbani08@gmail.com

# ਪੁਰਾਣੀ ਰੰਜਿਸ਼ ਦੇ ਚੱਲਦਿਆਂ ਲੁਧਿਆਣਾ ਕੋਰਟ ਕੰਪਲੈਕਸ ਦੇ ਬਾਹਰ ਚਲੀਆਂ ਤਾਬੜ ਤੋੜ ਗੋਲੀਆਂ, ਗੋਲੀ ਲੱਗਣ ਨਾਲ ਇਕ ਨੌਜਵਾਨ ਜ਼ਖ਼ਮੀ

**ਲੁਧਿਆਣਾ/ਰਾਜੂ ਵਾਲੀਆ,ਸ਼ਮੀ ਕੁਮਾਰ**

ਲੁਧਿਆਣਾ 'ਚ ਕੋਰਟ ਕੰਪਲੈਕਸ ਦੇ ਬਾਹਰ ਇਕ ਪਾਸੇ ਕੁਝ ਲੋਕਾਂ ਨੇ ਗੋਲੀਆਂ ਚਲਾ ਦਿੱਤੀਆਂ। ਇਸ ਦੌਰਾਨ 3 ਰਾਊਂਡ ਫਾਇਰਿੰਗ ਹੋਈ। ਗੋਲੀ ਲੱਗਣ ਕਾਰਨ ਹਿਮਾਂਸ਼ੂ ਨਾਂ ਦਾ ਇਕ ਨੌਜਵਾਨ ਗੰਭੀਰ ਰੂਪ ਚ ਜ਼ਖ਼ਮੀ ਹੋ ਜਾਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਦੌਰਾਨ ਪਤਾ ਚਲਿਆ ਹੈ ਕਿ ਨੌਜਵਾਨ ਦੇ ਹੱਥ ਵਿੱਚ ਗੋਲੀ ਲੱਗੀ ਹੈ। ਗੋਲੀਬਾਰੀ ਤੋਂ ਬਾਅਦ ਇਲਾਕੇ 'ਚ ਹਫੜਾ-ਦਫੜੀ ਮੱਚ ਗਈ। ਜ਼ਖਮੀ ਨੂੰ ਇਲਾਜ ਲਈ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ।



ਦੱਸਿਆ ਜਾ ਰਿਹਾ ਹੈ ਕਿ ਪੁਰਾਣੀ ਰੰਜਿਸ਼ ਦੇ ਚੱਲਦੇ ਉਨ੍ਹਾਂ 'ਤੇ ਗੋਲੀਬਾਰੀ ਕੀਤੀ ਗਈ ਹੈ। ਸੂਤਰਾਂ ਅਨੁਸਾਰ ਪਤਾ ਚੱਲਿਆ ਹੈ ਕਿ ਲੁਧਿਆਣਾ ਕੋਰਟ ਕੰਪਲੈਕਸ ਦੇ ਬਾਹਰ ਹਮਲਾ ਕਰਨ ਆਏ ਹਮਲਾਵਰਾਂ ਵੱਲੋਂ ਕੁਝ ਤਾਂ ਮੌਕੇ ਤੋਂ ਭੱਜਣ ਵਿੱਚ ਕਾਮਯਾਬ ਹੋ ਗਏ, ਪਰ ਕੁਝ ਹਮਲਾਵਰਾ ਨੂੰ ਪੁਲਿਸ ਨੇ ਕਾਬੂ ਕਰ ਲਿਆ ਹੈ। ਇਥੇ ਇਹ ਜਿਕਰਯੋਗ ਇਹ ਵੀ ਹੈ ਕਿ ਪੁਲਿਸ ਨੂੰ ਘਟਨਾ ਵਾਲੀ ਥਾਂ ਤੋਂ ਗੋਲੀਆਂ ਦੇ ਤਿੰਨ ਖੋਲ ਮਿਲੇ ਹਨ। ਜਦ ਕਿ ਫੋਰੈਂਸਿਕ ਮਾਹਿਰਾਂ ਦੀ ਟੀਮ ਵੀ ਮੌਕੇ 'ਤੇ ਪਹੁੰਚ ਗਈ ਹੈ। ਪੁਲਿਸ ਆਸਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕਰ ਰਹੀ ਹੈ।

ਦੱਸਿਆ ਗਿਆ ਹੈ ਕਿ ਆਪਸੀ ਤਕਰਾਰ ਤੋਂ ਬਾਅਦ ਦੂਜੇ ਪੱਖ ਨੇ ਨੌਜਵਾਨਾਂ 'ਤੇ ਗੋਲੀਆਂ ਚਲਾ ਦਿੱਤੀਆਂ।

# ਵਿਜੀਲੈਂਸ ਵੱਲੋਂ ਬਿਓਰੋ ਦੇ ਹੱਥ ਲਗੀ ਇਕ ਵੱਡੀ ਕਾਮਯਾਬੀ, ਰਾਈਸ ਮਿੱਲ ਦਾ ਸਾਬਕਾ ਮਾਲਕ ਗ੍ਰਿਫ਼ਤਾਰ

## 15 ਸਾਲਾਂ ਤੋਂ ਸੀ ਫਰਾਰ, ਝੋਨੇ ਦੀਆਂ 79124 ਬੋਰੀਆਂ ਗਾਇਬ ਕਰਨ ਦਾ ਦੋਸ਼




**ਲੁਧਿਆਣਾ/ਰਾਜੂ ਵਾਲੀਆ,ਸ਼ੰਮੀ ਕੁਮਾਰ**

ਲੁਧਿਆਣਾ ਵਿਜੀਲੈਂਸ ਟੀਮ ਨੇ ਕੁਬੇਰ ਰਾਈਸ ਮਿੱਲ ਦੇ ਸਾਬਕਾ ਮਾਲਕ ਹਰਦਿਆਲ ਸਿੰਘ ਧਨੋਆ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ 15 ਸਾਲਾਂ ਤੋਂ ਫਰਾਰ ਦਸਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਅਦਾਲਤ ਨੇ ਉਸ ਨੂੰ ਭਗੌੜਾ ਕਰਾਰ ਦਿੱਤਾ ਸੀ। ਹੁਣ ਅੱਜ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

ਉਥੇ ਇਹ ਵੀ ਜਾਨਣ ਨੂੰ ਮਿਲਿਆ ਹੈ ਕਿ ਲੁਧਿਆਣਾ ਦੀ ਇੱਕ ਰਾਈਸ ਮਿੱਲ ਵਿੱਚੋਂ ਝੋਨੇ ਦੀਆਂ 79124 ਬੋਰੀਆਂ ਗਾਇਬ ਹੋ ਗਈਆਂ ਸਨ। ਜਿਸ ਤੋਂ ਬਾਅਦ ਫਰਵਰੀ 2008 ਵਿੱਚ ਵਿਜੀਲੈਂਸ ਬਿਊਰੋ ਨੇ ਹਰਦਿਆਲ ਸਿੰਘ ਖ਼ ?ਲਾਫ਼ ਕੇਸ ਦਰਜ ਕੀਤਾ ਸੀ।

ਵਿਜੀਲੈਂਸ ਦੇ ਐਸਐਸਪੀ ਰਵਿੰਦਰਪਾਲ ਸਿੰਘ ਸੰਧੂ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੁਲਜ਼ਮ ਕੁਬੇਰ ਰਾਈਸ ਮਿੱਲ ਦੇ ਮਾਲਕ ਹਰਦਿਆਲ ਸਿੰਘ ਧਨੋਆ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਸ ਨੂੰ 4 ਅਪ੍ਰੈਲ 2009 ਨੂੰ ਸਥਾਨਕ ਅਦਾਲਤ ਨੇ ਭਗੌੜਾ ਕਰਾਰ ਦਿੱਤਾ ਸੀ। ਅਤੇ ਉਸ ਨੂੰ ਮੰਗਲਵਾਰ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ 2008 'ਚ ਗੁਪਤ ਸੂਚਨਾ ਦੇ ਆਧਾਰ 'ਤੇ ਵਿਜੀਲੈਂਸ ਬਿਊਰੋ ਨੇ ਲੁਧਿਆਣਾ ਦੇ ਦਾਖਾ ਸਥਿਤ ਕੁਬੇਰ ਰਾਈਸ ਮਿੱਲ 'ਤੇ ਚੈਕਿੰਗ ਕੀਤੀ ਸੀ। ਉੱਥੇ ਝੋਨੇ ਦੀਆਂ 79124 ਬੋਰੀਆਂ ਗਾਇਬ ਪਾਈਆਂ ਗਈਆਂ ਸਨ। ਇਸ ਤੋਂ ਬਾਅਦ 26 ਫਰਵਰੀ 2008 ਨੂੰ ਲੁਧਿਆਣਾ ਰੇਂਜ ਦੇ ਵਿਜੀਲੈਂਸ ਥਾਣੇ ਵਿੱਚ ਆਈਪੀਸੀ ਦੀ ਧਾਰਾ 406, 409, 420, 465, 467, 468, 471, 120ਬੀ, ਜ਼ਰੂਰੀ ਵਸਤਾਂ ਐਕਟ (31) ਦੀ ਧਾਰਾ 7 ਅਤੇ 31 ਤਹਿਤ ਕੇਸ ਦਰਜ ਕੀਤਾ ਗਿਆ ਸੀ। ਐਸਐਸਪੀ ਨੇ ਦੱਸਿਆ ਕਿ ਮਾਮਲੇ ਚ ਅਜੇ ਕੁਝ ਮੁਲਜ਼ਮ ਫਰਾਰ ਹਨ, ਜਿਨ੍ਹਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ

# ਪੰਜਾਬ 'ਚ ਵੱਡੀ ਘਟਨਾ; ਬੱਚਿਆਂ ਨਾਲ ਭਰੀ ਸਕੂਲੀ ਵੈਨ 'ਤੇ ਤਲਵਾਰਾਂ ਨਾਲ ਹਮਲਾ



**ਗੁਰਦਾਸਪੁਰ/ਨਵਨੀਤ**

ਪੰਜਾਬ ਦੇ ਗੁਰਦਾਸਪੁਰ ਵਿਚ ਵੱਡੀ ਘਟਨਾ ਵਾਪਰੀ ਹੈ। ਦਰਅਸਲ, ਇਥੋਂ ਦੇ ਪਿੰਡ ਹਰਚੋਵਾਲ ਵਿਖੇ ਇੱਕ ਸਕੂਲੀ ਵੈਨ ਤੇ ਕੁੱਝ ਲੋਕਾਂ ਨੇ ਤਲਵਾਰਾਂ ਨਾਲ ਹਮਲਾ ਕਰ ਦਿੱਤਾ।

ਸੋਸ਼ਲ ਮੀਡੀਆ ਤੇ ਵਾਇਰਲ ਹੋ ਰਹੀ ਹਮਲੇ ਦੀ ਵੀਡੀਓ ਮੁਤਾਬਿਕ, ਕਿਸੇ ਵਿਅਕਤੀ ਦਾ ਕੁੱਤਾ ਸਕੂਲ ਵੈਨ ਥੱਲੇ ਆ ਗਿਆ, ਜਿਸ ਤੋਂ ਬਾਅਦ ਕੁੱਤੇ ਦੇ ਮਾਲਕ ਨੇ ਸਕੂਲ ਵੈਨ ਨੂੰ ਘੇਰਾ ਪਾ ਲਿਆ ਅਤੇ ਸਕੂਲੀ ਵੈਨ 'ਤੇ ਹਮਲਾ ਕਰ ਦਿੱਤਾ।

ਉਕਤ ਸਾਰੀ ਘਟਨਾ ਦੀ ਵੀਡੀਓ ਸਕੂਲੀ ਵੈਨ ਦੇ ਡਰਾਈਵਰ ਨੇ ਬਣਾ ਲਈ। ਵੀਡੀਓ ਬਣਾ ਰਿਹਾ ਡਰਾਈਵਰ ਕਹਿ ਰਿਹਾ ਹੈ ਕਿ, ਉਹ ਅੱਜ ਸਵੇਰੇ ਬੱਚਿਆਂ ਨੂੰ ਲੈ ਕੇ ਸਕੂਲ ਜਾ ਰਿਹਾ ਸੀ ਤਾਂ, ਇਸੇ ਦੌਰਾਨ ਹੀ ਪਿੰਡ ਹਰਚੋਵਾਲ ਲਾਗੇ ਦੋ ਕੁੱਤੇ ਲੜ ਰਹੇ ਸਨ ਤਾਂ, ਇੱਕ ਕੁੱਤਾ ਭੱਜਦਾ ਹੋਇਆ, ਸਕੂਲੀ ਵੈਨ ਹੇਠਾਂ ਆ ਗਿਆ।

ਜਿਸ ਤੋਂ ਬੌਖ਼ਲਾਏ ਕੁੱਤੇ ਦੇ ਮਾਲਕ ਨੇ ਸਕੂਲੀ ਵੈਨ ਨੂੰ ਰੋਕ ਲਿਆ ਅਤੇ ਤਲਵਾਰਾਂ ਨਾਲ ਹਮਲਾ ਕਰ ਦਿੱਤਾ। ਹਾਲਾਂਕਿ ਵੈਨ ਦੇ ਅੰਦਰ ਸਹਿਮੇ ਬੱਚੇ ਰੋ ਰਹੇ ਸਨ। ਕਿਸੇ ਵੀ ਬੱਚੇ ਨੂੰ ਸੱਟ ਫੇਟ ਵੱਜਣ ਦੀ ਕੋਈ ਜਾਣਕਾਰੀ ਨਹੀਂ ਹੈ। ਜਦੋਂਕਿ ਸੋਸ਼ਲ ਮੀਡੀਆ ਤੇ ਕੁੱਤੇ ਦੇ ਮਾਲਕ ਦਾ ਜ਼ਬਰਦਸਤ ਵਿਰੋਧ ਹੋ ਰਿਹਾ ਹੈ।

# ਮੌਸਮ ਵਿਭਾਗ ਨੇ ਇਨ੍ਹਾਂ ਸੂਬਿਆਂ ਲਈ ਜਾਰੀ ਕੀਤਾ ਅਲਰਟ

**ਚੰਡੀਗੜ੍ਹ/ਵਿਨੋਦ ਸ਼ਰਮਾ**

ਲੋਕਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ 'ਗਰਮੀਆਂ ਸ਼ੁਰੂ ਹੋ ਗਈਆਂ ਹਨ ਜਾਂ ਹੁਣ ਗਰਮੀਆਂ ਆ ਗਈਆਂ ਹਨ'। ਹਾਲਾਂਕਿ, ਭਾਰਤ ਮੌਸਮ ਵਿਭਾਗ (9$4) ਦੇ ਅਨੁਸਾਰ, 8 ਫਰਵਰੀ ਤੋਂ 10 ਫਰਵਰੀ ਦੇ ਵਿਚਕਾਰ, ਪੱਛਮੀ ਖੇਤਰ ਵਿੱਚ ਕਾਫ਼ੀ ਵਿਆਪਕ ਮੀਂਹ ਜਾਂ ਬਰਫ਼ਬਾਰੀ ਹੋ ਸਕਦੀ ਹੈ। ਜੰਮੂ, ਕਸ਼ਮੀਰ, ਲੱਦਾਖ ਅਤੇ ਹਿਮਾਚਲ ਪ੍ਰਦੇਸ਼ ਵਿੱਚ ਕੁਝ ਥਾਵਾਂ 'ਤੇ ਹਲਕੀ ਤੋਂ ਦਰਮਿਆਨੀ ਬਾਰਿਸ਼ ਜਾਂ ਬਰਫਬਾਰੀ ਹੋ ਸਕਦੀ ਹੈ।

ਆਪਣੇ ਮੌਸਮ ਦੀ ਭਵਿੱਖਬਾਣੀ ਵਿੱਚ, 9$4 ਨੇ ਕਿਹਾ, 'ਆਉਣ ਵਾਲੇ ਸਮੇਂ ਵਿੱਚ ਥੋੜਾ ਜਿਹਾ ਵਿਆਪਕ ਮੀਂਹ ਜਾਂ ਬਰਫਬਾਰੀ ਸੰਭਵ ਹੈ। ਅਗਲੇ 24 ਘੰਟਿਆਂ ਵਿੱਚ ਪੂਰੇ ਪੱਛਮੀ ਹਿਮਾਲੀਅਨ ਖੇਤਰ ਵਿੱਚ ਹਾਲਾਤ ਬਦਲਣ ਦੀ ਸੰਭਾਵਨਾ ਹੈ।



8 ਫਰਵਰੀ ਦੀ ਸ਼ਾਮ ਤੋਂ ਪੱਛਮੀ ਹਿਮਾਲੀਅਨ ਖੇਤਰ ਵਿੱਚ ਇੱਕ ਹੋਰ ਪੱਛਮੀ ਗੜਬੜੀ ਦੇ ਆਉਣ ਦੀ ਸੰਭਾਵਨਾ ਹੈ। 8 ਅਤੇ 10 ਫਰਵਰੀ ਦੇ ਵਿਚਕਾਰ, 9 ਫਰਵਰੀ ਨੂੰ ਸਿਖਰ ਦੀ ਤੀਬਰਤਾ ਦੇ ਨਾਲ, ਹਲਕੀ ਤੋਂ ਦਰਮਿਆਨੀ ਵਿਆਪਕ ਬਾਰਿਸ਼ ਜਾਂ ਬਰਫਬਾਰੀ ਪੱਛਮੀ ਹਿਮਾਲੀਅਨ ਖੇਤਰ ਨੂੰ ਪ੍ਰਭਾਵਿਤ ਕਰਨ ਦੀ ਬਹੁਤ ਸੰਭਾਵਨਾ ਹੈ। ਮੌਸਮ ਵਿਭਾਗ ਮੁਤਾਬਕ 9 ਅਤੇ 10 ਫਰਵਰੀ ਨੂੰ ਪੂਰੇ ਖੇਤਰ 'ਚ ਤੂਫਾਨ ਅਤੇ ਬਿਜਲੀ ਡਿੱਗਣ ਦੀ ਸੰਭਾਵਨਾ ਹੈ। ਕਸ਼ਮੀਰ ਘਾਟੀ ਵਿੱਚ ਵੀਰਵਾਰ ਨੂੰ ਵੀ ਭਾਰੀ ਮੀਂਹ ਜਾਂ ਬਰਫ਼ਬਾਰੀ ਦੀ ਸੰਭਾਵਨਾ ਹੈ। 9 ਫਰਵਰੀ ਨੂੰ ਵੀ ਕੁਝ ਥਾਵਾਂ 'ਤੇ ਹਲਕੀ ਤੋਂ ਦਰਮਿਆਨੀ ਬਾਰਿਸ਼ ਦੀ ਸੰਭਾਵਨਾ ਹੈ। 7 ਫਰਵਰੀ ਤੱਕ ਅਰੁਣਾਚਲ ਪ੍ਰਦੇਸ਼, ਅਸਾਮ ਅਤੇ ਮੇਘਾਲਿਆ ਵਿੱਚ ਗੜੇਮਾਰੀ ਅਤੇ ਬਿਜਲੀ ਚਮਕਣ ਦੀ ਸੰਭਾਵਨਾ ਹੈ। ਇਸ ਦੌਰਾਨ, ਇਹ ਪੂਰੀ ਸੰਭਾਵਨਾ ਹੈ ਕਿ ਅਗਲੇ 48 ਘੰਟਿਆਂ ਵਿੱਚ ਪੂਰੇ ਉੱਤਰ-ਪੱਛਮੀ ਭਾਰਤ ਵਿੱਚ ਘੱਟੋ-ਘੱਟ ਤਾਪਮਾਨ ਵਿੱਚ ਦੋ ਤੋਂ ਤਿੰਨ ਡਿਗਰੀ ਸੈਲਸੀਅਸ ਦੀ ਗਿਰਾਵਟ ਆਵੇਗੀ ਅਤੇ ਇਸ ਤੋਂ ਬਾਅਦ ਦੋ ਤੋਂ ਚਾਰ ਡਿਗਰੀ ਸੈਲਸੀਅਸ ਦਾ ਵਾਧਾ ਹੋਵੇਗਾ।

ਮੱਧ ਭਾਰਤ ਦੇ ਬਹੁਤ ਸਾਰੇ ਖੇਤਰਾਂ ਵਿੱਚ, ਅਗਲੇ ਤਿੰਨ ਦਿਨਾਂ ਦੌਰਾਨ ਘੱਟੋ ਘੱਟ ਤਾਪਮਾਨ ਵਿੱਚ ਕੋਈ ਮਹੱਤਵਪੂਰਨ ਤਬਦੀਲੀ ਦੀ ਭਵਿੱਖਬਾਣੀ ਨਹੀਂ ਕੀਤੀ ਗਈ ਹੈ, ਜਿਸ ਤੋਂ ਬਾਅਦ ਹੌਲੀ ਹੌਲੀ ਦੋ ਤੋਂ ਚਾਰ ਡਿਗਰੀ ਸੈਲਸੀਅਸ ਦਾ ਵਾਧਾ ਹੋਵੇਗਾ। ਅਗਲੇ ਚਾਰ ਤੋਂ ਪੰਜ ਦਿਨਾਂ ਦੌਰਾਨ ਦੇਸ਼ ਭਰ ਵਿੱਚ ਘੱਟੋ-ਘੱਟ ਤਾਪਮਾਨ ਵਿੱਚ ਕੋਈ ਵੱਡਾ ਬਦਲਾਅ ਨਹੀਂ ਹੋਵੇਗਾ। ਉੱਤਰ ਪ੍ਰਦੇਸ਼, ਉਪ-ਹਿਮਾਲੀਅਨ ਪੱਛਮੀ ਬੰਗਾਲ, ਸਿੱਕਮ, ਪੱਛਮੀ ਅਸਾਮ ਅਤੇ ਤ੍ਰਿਪੁਰਾ ਦੇ ਕੁਝ ਹਿੱਸਿਆਂ ਵਿੱਚ ਰਾਤ ਜਾਂ ਤੜਕੇ ਧੁੰਦ ਲਈ ਵੀ ਅਲਰਟ ਜਾਰੀ ਕੀਤਾ ਗਿਆ ਹੈ।




ਮਾਨਵਤਾ ਅਤੇ ਲੋਕਾਈ ਦੀ ਸੇਵਾ ਸਾਡੀਆਂ ਕਦਰਾਂ-ਕੀਮਤਾਂ ਦੀ ਪ੍ਰੰਪਰਾ ਰਹੀ ਹੈ। 'ਮੈਂ ਨਹੀਂ ਬਲਕਿ ਤੁਸੀਂ' ਦੇ ਆਦਰਸ਼ ਵਾਕ ਲਈ ਵਿਭਿੰਨ ਉਪਾਵਾਂ ਜ਼ਰੀਏ ਦੂਜੇ ਲੋਕਾਂ ਨੂੰ ਸੇਵਾ ਲਈ ਪ੍ਰੋਤਸਾਹਿਤ ਕਰਦਾ ਹੈ। ਅਜਿਹੀ ਹੀ ਇੱਕ ਮਿਸਾਲ ਸ਼੍ਰੀਮਤੀ ਅਮਨਦੀਪ ਕੌਰ ( ਸਾਇੰਸ ਮਿਸਟ੍ਰੈਸ ) ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਮਰਹਾਣਾ ਤਰਨ ਤਾਰਨ ਨੇ ਪੇਸ਼ ਕੀਤੀ ਹੈ। ਸਰਕਾਰੀ ਸਕੂਲ 'ਚ ਆਪਣੀਆਂ ਸੇਵਾਵਾਂ ਨਿਭਾਅ ਰਹੇ ਮੈਡਮ ਅਮਨਦੀਪ ਕੌਰ ਜੀ ਦੀ ਸਵੱਲੀ ਨਜ਼ਰ ਸਕੂਲ 'ਚ ਪੜਾਈ ਕਰ ਰਹੇ ਕੁਝ ਬੇਹੱਦ ਜ਼ਰੂਰਤਮੰਦ ਤੇ ਅਨਾਥ ਬੱਚਿਆਂ ਤੇ ਪਈ। ਕਿਸੇ ਦੀਆਂ ਅੱਖਾਂ 'ਚ ਹੰਝੂ ਨਾ ਵੇਖ ਸਕਣ ਵਾਲੇ ਅਤੇ ਦਇਆ ਦੀ ਭਾਵਨਾ ਰੱਖਣ ਵਾਲੇ ਮੈਡਮ ਅਮਨਦੀਪ ਕੌਰ ਜੀ ਨੇ ਇਨਾਂ ਬੱਚਿਆਂ ਦੀ ਮਦਦ ਕਰਨ ਦਾ ਤਹੱਈਆ ਕੀਤਾ ਜਿਸਨੂੰ ਉਹ ਬਾਖੂਬੀ ਨਿਭਾਅ ਰਹੇ ਆ। ਅਜਿਹੀ ਸੇਵਾ ਭਾਵਨਾ ਹਰ ਅਧਿਆਪਕ ਨੂੰ ਆਪਣੇ ਮਨ ਵਿਚ ਰੱਖਣੀ ਚਾਹੀਦੀ ਹੈ।

# ਪੰਜਾਬ ਪਾਵਰਕੌਮ ਦਾ ਵੱਡਾ ਫ਼ੈਸਲਾ; ਸਰਕਾਰੀ ਦਫ਼ਤਰਾਂ 'ਚ ਲਾਏ ਜਾਣਗੇ ਪ੍ਰੀ-ਪੇਡ ਮੀਟਰ

**ਚੰਡੀਗੜ੍ਹ/ਵਿਨੋਦ ਸ਼ਰਮਾ**

ਪਾਵਰਕੌਮ ਦੇ ਵਲੋਂ ਸਖ਼ਤ ਫ਼ੈਸਲਾ ਲੈਂਦੇ ਹੋਏ ਪੰਜਾਬ ਦੇ ਸਮੂਹ ਦਫ਼ਤਰਾਂ ਦੇ ਵਿਚ ਬਿਜਲੀ ਦੇ ਪ੍ਰੀ-ਪੇਡ ਮੀਟਰ ਲਾਉਣੇ ਲਾਜ਼ਮੀ ਕਰ ਦਿੱਤੇ ਹਨ। ਇਸ ਸਬੰਧੀ ਬਕਾਇਦਾ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਵਲੋਂ ਆਰਡਰ ਜਾਰੀ ਕੀਤੇ ਗਏ ਹਨ।



ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਵਿੱਚ ਮੌਜੂਦਾ ਅਤੇ ਨਵੇਂ ਸਰਕਾਰੀ ਕੁਨੈਕਸ਼ਨਾਂ ਲਈ 1 ਮਾਰਚ, 2023 ਤੋਂ 45 ਕੇਵੀਏ ਤੱਕ ਦੀ ਕੰਟਰੈਕਟ ਡਿਮਾਂਡ ਲਈ ਸਮਾਰਟ ਪ੍ਰੀ-ਪੇਡ ਮੀਟਰ ਲਾਜ਼ਮੀ ਹੋਣਗੇ।

ਪ੍ਰੀ-ਪੇਡ ਮੀਟਰਿੰਗ ਲਈ, ਖਪਤਕਾਰਾਂ ਨੂੰ ਭਵਿੱਖ ਵਿੱਚ ਬਿਜਲੀ ਦੀ ਖਪਤ ਲਈ ਅਗਾਊਂ ਭੁਗਤਾਨ ਕਰਨਾ ਪਵੇਗਾ। PSPCL ਸਰਕੂਲਰ ਵਿੱਚ ਕਿਹਾ ਗਿਆ ਹੈ ਕਿ ਕੁਨੈਕਸ਼ਨਾਂ ਦੀ ਸਬੰਧਤ ਸ਼੍ਰੇਣੀ ਲਈ ਟੈਰਿਫ ਲਾਗੂ ਹੋਵੇਗਾ।

ਪ੍ਰੀਪੇਡ ਮੀਟਰਾਂ ਨਾਲ ਕੁਨੈਕਸ਼ਨਾਂ ਦੇ ਮਾਮਲੇ ਵਿੱਚ KWHKVAH ਦੇ ਰੂਪ ਵਿੱਚ ਖਪਤਕਾਰਾਂ ਨੂੰ ਸਪਲਾਈ ਕੀਤੀ ਬਿਜਲੀ ਦੀ ਮਾਤਰਾ ਦੇ ਖਰਚਿਆਂ ਵਿੱਚ ਊਰਜਾ ਖਰਚਿਆਂ 'ਤੇ 1 ਪ੍ਰਤੀਸ਼ਤ ਦੀ ਛੋਟ ਹੋਵੇਗੀ।

ਵੱਖ-ਵੱਖ ਸਰਕਾਰੀ ਵਿਭਾਗਾਂ ਵੱਲੋਂ ਬਿਜਲੀ ਦੇ ਬਿੱਲਾਂ ਦਾ ਭੁਗਤਾਨ ਨਾ ਕਰਨਾ ਪਾਵਰ ਕਾਰਪੋਰੇਸ਼ਨ ਲਈ ਸਭ ਤੋਂ ਵੱਡੀ ਚੁਣੌਤੀ ਹੈ। ਪਿਛਲੇ ਨਵੰਬਰ ਤੱਕ ਦੇ PSPCL ਦੇ ਰਿਕਾਰਡ ਅਨੁਸਾਰ, ਕੁੱਲ ਮਿਲਾ ਕੇ ਸਰਕਾਰੀ ਵਿਭਾਗ PSPCL ਵੱਲ ਬਕਾਇਆ ਬਕਾਏ ਵਜੋਂ 2000 ਕਰੋੜ ਰੁਪਏ ਤੋਂ ਵੱਧ ਦਾ ਬਕਾਇਆ ਹੈ।

# ਬਿਜਲੀ ਬੋਰਡ ਦਾ ਅਧਿਕਾਰੀ ਰਿਸ਼ਵਤ ਲੈਂਦਾ ਗ੍ਰਿਫਤਾਰ

**ਚੰਡੀਗੜ੍ਹ/ਵਿਨੋਦ ਸ਼ਰਮਾ**

ਪੰਜਾਬ ਵਿਜੀਲੈਂਸ ਬਿਊਰੋ ਨੇ ਪੀ.ਐਸ.ਪੀ.ਸੀ.ਐਲ. ਦੇ ਇੱਕ ਜੂਨੀਅਰ ਇੰਜੀਨੀਅਰ (ਜੇਈ) ਬਖਸ਼ੀਸ਼ ਸਿੰਘ ਨੂੰ 20,000 ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਪੀ.ਐਸ.ਪੀ.ਸੀ.ਐਲ. ਸਬ-ਸਟੇਸ਼ਨ ਗੁਰੂਹਰਸਹਾਏ ਜਿਲਾ ਫਿਰੋਜ਼ਪੁਰ ਵਿਖੇ ਤਾਇਨਾਤ ਮੁਲਜ਼ਮ ਜੇ.ਈ. ਬਖਸ਼ੀਸ਼ ਸਿੰਘ ਨੂੰ ਦਲੀਪ ਸਿੰਘ ਵਾਸੀ ਪਿੰਡ ਕੁੱਟੀ ਅਤੇ ਪਵਨ ਕੁਮਾਰ ਵਾਸੀ ਗੁਰੂਹਰਸਹਾਏ, ਜ਼ਿਲਾ ਫਿਰੋਜ਼ਪੁਰ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਵੇਰਵੇ ਦਿੰਦਿਆਂ ਉਨਾਂ ਦੱਸਿਆ ਕਿ ਉਕਤ ਸ਼ਿਕਾਇਤਕਰਤਾਵਾਂ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਪਰੋਕਤ ਜੇਈ ਨੇ ਫਿਰੋਜ਼ਪੁਰ ਦੇ ਪਿੰਡ ਮੋਠਾਂ ਵਾਲਾ ਵਿੱਚ ਦਲੀਪ ਸਿੰਘ ਦੀ ਆਟਾ ਚੱਕੀ ਵਿੱਚ ਬਿਜਲੀ ਦਾ ਮੀਟਰ ਅਤੇ ਨਾਲ ਟਰਾਂਸਫਾਰਮਰ ਲਗਾਉਣ ਦੇ ਬਦਲੇ ਉਸ ਪਾਸੋਂ ਚਾਰ ਕਿਸ਼ਤਾਂ ਵਿੱਚ 20,000 ਰੁਪਏ ਦੀ ਰਿਸ਼ਵਤ ਹਾਸਲ ਕੀਤੀ ਸੀ। ਉਨਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਮੁਲਜ਼ਮ ਅਧਿਕਾਰੀ ਨੂੰ ਵੱਖ-ਵੱਖ ਸਮੇਂ 'ਤੇ ਰਿਸ਼ਵਤ ਲੈਂਦੇ ਹੋਏ ਸਾਰੀ ਗੱਲਬਾਤ ਰਿਕਾਰਡ ਕੀਤੀ ਅਤੇ ਵੀਡੀਓ ਕਲਿੱਪ ਵੀ ਬਣਾ ਲਈ ਸੀ ਜੋ ਉਨਾਂ ਸ਼ਿਕਾਇਤ ਨਾਲ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਤਫਤੀਸ਼ ਕਰਨ ਤੋਂ ਬਾਅਦ, ਵਿਜੀਲੈਂਸ ਬਿਊਰੋ ਨੇ ਮੁਲਜ਼ਮ ਅਧਿਕਾਰੀ ਨੂੰ ਸ਼ਿਕਾਇਤਕਰਤਾ ਤੋਂ 20,000 ਰੁਪਏ ਦੀ ਰਿਸ਼ਵਤ ਲੈਣ ਲਈ ਦੋਸ਼ੀ ਪਾਏ ਜਾਣ ਤੋਂ ਬਾਅਦ ਉਸ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਓਰੋ ਦੇ ਥਾਣਾ ਫਿਰੋਜ਼ਪੁਰ ਵਿਖੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

# ਭਾਜਪਾ ਦੇ ਸੀਨੀਅਰ ਲੀਡਰ ਤੇ ਵਿਧਾਇਕ ਨੇ ਛੱਡੀ ਪਾਰਟੀ

**ਕੋਲਕਾਤਾ/ਲੋਕ ਬਾਣੀ**

ਪੱਛਮੀ ਬੰਗਾਲ ਦੀ ਭਾਜਪਾ ਵਿਧਾਇਕ (ਭਾਜਪਾ ਵਿਧਾਇਕ) ਸੁਮਨ ਕਾਂਜੀਲਾਲ ਨੂੰ ਕੋਲਕਾਤਾ 'ਚ ਤ੍ਰਿਣਮੂਲ ਕਾਂਗਰਸ 'ਚ ਸ਼ਾਮਲ ਹੋ ਗਈ ਹੈ। ਟੀਐਮਸੀ ਨੇ ਇੱਕ ਬਿਆਨ ਵਿੱਚ ਇਹ ਜਾਣਕਾਰੀ ਦਿੱਤੀ ਹੈ। ਭਾਜਪਾ ਨੇਤਾ ਨੇ ਰਾਜ ਵਿੱਚ ਇਸ ਸਾਲ ਹੋਣ ਵਾਲੀਆਂ ਪੰਚਾਇਤੀ ਚੋਣਾਂ ਤੋਂ ਪਹਿਲਾਂ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਪਾਰਟੀ ਪ੍ਰਤੀ ਵਫ਼ਾਦਾਰੀ ਬਦਲ ਲਈ ਹੈ। ਟੀਐਮਸੀ ਦੇ ਰਾਸ਼ਟਰੀ ਜਨਰਲ ਸਕੱਤਰ ਅਭਿਸ਼ੇਕ ਬੈਨਰਜੀ ਨੇ ਰਾਜ ਦੇ ਉੱਤਰੀ ਹਿੱਸੇ ਦੇ ਅਲੀਪੁਰਦੁਆਰ ਤੋਂ ਵਿਧਾਇਕ ਕਾਂਜੀਲਾਲ ਨੂੰ ਪਾਰਟੀ ਦਾ ਝੰਡਾ ਸੌਂਪਿਆ। ਦੱਸ ਦੇਈਏ ਕਿ ਕਾਂਜੀਲਾਲ ਇੱਕ ਪੱਤਰਕਾਰ ਹੈ ਜਿਸ ਨੇ ਭਾਜਪਾ ਨੂੰ ਨਵਾਂ ਝਟਕਾ ਦਿੱਤਾ ਹੈ। ਉਹ 2020 ਵਿੱਚ ਰਾਜਨੀਤੀ ਵਿੱਚ ਆਏ ਸਨ। ਭਾਜਪਾ ਨੇ ਸਭ ਤੋਂ ਪਹਿਲਾਂ ਅਲੀਪੁਰਦੁਆਰ ਸੀਟ ਲਈ ਅਰਥ ਸ਼ਾਸਤਰੀ ਅਸ਼ੋਕ ਲਹਿਰੀ ਦੇ ਨਾਂ ਦਾ ਐਲਾਨ ਕੀਤਾ ਸੀ। ਹਾਲਾਂਕਿ, ਕਾਂਜੀਲਾਲ ਨੂੰ ਬਾਅਦ ਵਿੱਚ ਸੀਟ ਲਈ ਨਾਮਜ਼ਦ ਕੀਤਾ ਗਿਆ ਸੀ ਅਤੇ ਲਹਿਰੀ ਨੂੰ ਬਲੂਰਘਾਟ ਤੋਂ ਟਿਕਟ ਦਿੱਤੀ ਗਈ ਸੀ। ਪੱਛਮੀ ਬੰਗਾਲ ਭਾਜਪਾ ਦੇ ਸੂਬਾ ਬੁਲਾਰੇ ਸਮਿਕ ਭੱਟਾਚਾਰੀਆ ਨੇ ਕਿਹਾ ਕਿ ਕਾਂਜੀਲਾਲ ਦੇ ਜਾਣ ਨਾਲ ਭਾਜਪਾ 'ਤੇ ਕੋਈ ਅਸਰ ਨਹੀਂ ਪਵੇਗਾ। ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ 2021 ਵਿੱਚ, ਭਾਜਪਾ ਨੇ 77 ਸੀਟਾਂ ਜਿੱਤੀਆਂ ਸਨ। ਪਾਰਟੀ ਦੇ ਦੋ ਸੰਸਦ ਮੈਂਬਰਾਂ ਨੇ ਵੀ ਵਿਧਾਇਕ ਦੇ ਅਹੁਦੇ ਜਿੱਤੇ ਹਨ। ਹਾਲਾਂਕਿ ਬਾਅਦ 'ਚ ਉਨਾਂ ਨੇ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਤ੍ਰਿਣਮੂਲ ਨੇ ਦੋਵਾਂ ਹਲਕਿਆਂ ਦੀਆਂ ਉਪ ਚੋਣਾਂ ਜਿੱਤੀਆਂ ਹਨ। ਫਿਲਹਾਲ ਪੱਛਮੀ ਬੰਗਾਲ ਵਿਧਾਨ ਸਭਾ 'ਚ ਭਾਜਪਾ ਦੇ ਹੁਣ 69 ਵਿਧਾਇਕ ਰਹਿ ਗਏ ਹਨ। 2021 ਵਿੱਚ ਪੂਰੇ ਰਾਜ ਵਿੱਚ ਜਿੱਤ ਦੇ ਬਾਵਜੂਦ, ਤ੍ਰਿਣਮੂਲ ਅਲੀਪੁਰਦੁਆਰ ਜ਼ਿਲੇ ਵਿੱਚ ਇੱਕ ਵੀ ਸੀਟ ਜਿੱਤਣ ਵਿੱਚ ਅਸਫਲ ਰਿਹਾ। ਇਸ ਦੌਰਾਨ ਜ਼ਿਲੇ ਦੀਆਂ ਸਾਰੀਆਂ ਪੰਜ ਸੀਟਾਂ ਭਾਜਪਾ ਨੇ ਜਿੱਤ ਲਈਆਂ ਸਨ। ਪੰਜ ਹੋਰ ਵਿਧਾਇਕ ਮੁਕੁਲ ਰਾਏ, ਸੌਮੇਨ ਰਾਏ, ਕ੍ਰਿਸ਼ਨਾ ਕਲਿਆਣੀ, ਵਿਸ਼ਵਜੀਤ ਦਾਸ ਅਤੇ ਤਨਮਯ ਘੋਸ਼ 2021 ਦੀਆਂ ਚੋਣਾਂ ਤੋਂ ਬਾਅਦ ਭਾਜਪਾ ਛੱਡ ਕੇ ਟੀਐਮਸੀ ਵਿੱਚ ਸ਼ਾਮਲ ਹੋ ਗਏ ਹਨ। ਕ੍ਰਿਸ਼ਨਾਗੋਰ ਉੱਤਰੀ ਭਾਜਪਾ ਦੇ ਵਿਧਾਇਕ ਅਤੇ ਭਾਜਪਾ ਕੇਂਦਰੀ ਕਮੇਟੀ ਦੇ ਉਪ ਪ੍ਰਧਾਨ ਮੁਕੁਲ ਰਾਏ 2021 ਦੀਆਂ ਬੰਗਾਲ ਵਿਧਾਨ ਸਭਾ ਚੋਣਾਂ ਤੋਂ ਤੁਰੰਤ ਬਾਅਦ ਤ੍ਰਿਣਮੂਲ ਵਿੱਚ ਸ਼ਾਮਲ ਹੋ ਗਏ ਸਨ। ਇਸ ਤੋਂ ਤੁਰੰਤ ਬਾਅਦ ਕਾਲੀਆਗੰਜ ਦੇ ਵਿਧਾਇਕ ਸੌਮੇਨ ਰਾਏ, ਰਾਏਗੰਜ ਦੇ ਵਿਧਾਇਕ ਕ੍ਰਿਸ਼ਨਾ ਕਲਿਆਣੀ, ਬਗਦਾ ਦੇ ਵਿਧਾਇਕ ਵਿਸ਼ਵਜੀਤ ਦਾਸ ਅਤੇ ਬਿਸ਼ਨੂਪੁਰ ਦੇ ਵਿਧਾਇਕ ਤਨਮਯ ਘੋਸ਼ ਉਨਾਂ ਨਾਲ ਸ਼ਾਮਲ ਹੋ ਗਏ।

# ਖ਼ਾਲਸਾ ਕਾਲਜ ਵੈਟਰਨਰੀ ਵਿਖੇ 'ਡੇਅਰੀ ਫਾਰਮਿੰਗ' 'ਤੇ ਵਰਕਸ਼ਾਪ ਆਯੋਜਿਤ






**ਅੰਮ੍ਰਿਤਸਰ/ਲੋਕ ਬਾਣੀ**

ਖ਼ਾਲਸਾ ਕਾਲਜ ਆਫ਼ ਵੈਟਰਨਰੀ ਐਂਡ ਐਨੀਮਲ ਸਾਇੰਸਜ਼ ਵਿਖੇ ਅੱਜ 'ਡੇਅਰੀ ਅਤੇ ਬੱਕਰੀ ਪਾਲਣ 'ਚ ਬੇਹੱਤਰ ਉਤਪਾਦਕਤਾ ਲਈ ਰਣਨੀਤੀਆਂ' ਵਿਸ਼ੇ 'ਤੇ ਅੰਤਰਰਾਸ਼ਟਰੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ. ਹਰੀਸ਼ ਕੁਮਾਰ ਵਰਮਾ ਦੀ ਅਗਵਾਈ 'ਚ ਵਰਕਸ਼ਾਪ ਦਾ ਆਯੋਜਨ ਡੇਅਰੀ ਧੰਦੇ ਨੂੰ ਉਤਸ਼ਾਹਿਤ ਕਰਨ ਵਾਲੀ ਸੰਸਥਾ ਪੀ. ਯੂ. ਐਮ. ਨੀਦਰਲੈਂਡ ਦੇ ਸੀਨੀਅਰ ਮਾਹਿਰਾਂ ਦੇ ਸਹਿਯੋਗ ਨਾਲ ਕੀਤਾ ਗਿਆ।

ਇਸ ਮੌਕੇ ਪ੍ਰਿੰ: ਡਾ. ਵਰਮਾ ਨੇ ਕਿਹਾ ਕਿ ਨੀਦਰਲੈਂਡ ਅਧਾਰਿਤ ਪੀ. ਯੂ. ਐਮ. ਇਕ ਸਵੈ-ਸੇਵੀ ਸੰਸਥਾ ਹੈ, ਜਿਸ ਦਾ ਮੰਤਵ ਵਿਸ਼ਵ ਪੱਧਰ 'ਤੇ ਉੱਭਰ ਰਹੇ ਵਿਕਾਸਸ਼ੀਲ ਦੇਸ਼ਾਂ ਦੀ ਆਰਥਿਕਤਾ, ਵਾਤਾਵਰਣ ਅਤੇ ਸਮਾਜ 'ਚ ਸਕਾਰਾਤਮਕ ਪ੍ਰਭਾਵ ਪੈਦਾ ਕਰਨਾ ਹੈ। ਉਨ੍ਹਾਂ ਕਿਹਾ ਕਿ ਸਵੈ ਇੱਛਕ ਮਾਹਿਰਾਂ ਦੇ ਵਿਆਪਕ ਨੈਟਵਰਕ ਉੱਦਮੀਆਂ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਗਿਆਨ ਪ੍ਰਦਾਨ ਕਰਦਾ ਹੈ ਅਤੇ ਦੁਨੀਆ ਭਰ ਦੇ 35 ਦੇਸ਼ਾਂ 'ਚ ਛੋਟੇ ਅਤੇ ਮੱਧਮ ਆਕਾਰ ਦੀ ਕਿਰਸਾਨੀ ਦੇ ਵਿਕਾਸ ਨੂੰ ਉਤਸ਼ਾਹਿਤ



ਕਰਦਾ ਹੈ।

ਇਸ ਮੌਕੇ ਪੀ. ਯੂ. ਐਮ. ਦੇ ਮਾਹਿਰ ਡੈਲੀਗੇਟਾਂ 'ਚ ਡੇਅਰੀ ਅਤੇ ਬੱਕਰੀ ਦੇ ਸੀਨੀਅਰ ਮਾਹਿਰ ਐਡਰੀਅਨਸ ਮਰਕਸ, ਸੈਕਟਰ ਕੋਆਰਡੀਨੇਟਰ ਗੇਰਿਟ ਬਰੂਮੇਲਮੈਨ ਅਤੇ ਪੀ. ਯੂ. ਐਮ. ਭਾਰਤ ਦੇ ਪ੍ਰਤੀਨਿਧ ਕੇਆਰ ਜੈਨ ਨੇ ਸਾਂਝੇ ਤੌਰ 'ਤੇ ਨੀਦਰਲੈਂਡ ਦੇ ਕਿਸਾਨਾਂ ਵੱਲੋਂ ਡੇਅਰੀ ਜਾਨਵਰਾਂ ਦੇ ਪਾਲਣ ਦੇ ਵਾਧੂ ਫਾਇਦਿਆਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ। ਇਸ ਮੌਕੇ ਉਨ੍ਹਾਂ ਨੇ ਇਕ ਪ੍ਰਣਾਲੀਗਤ ਅਤੇ ਆਰਥਿਕ ਤਰੀਕੇ ਨਾਲ ਛੋਟੇ ਅਤੇ ਦਰਮਿਆਨੇ ਆਕਾਰ ਦੀ ਟਿਕਾਊ ਖੇਤੀ ਦੇ ਨਵੇਂ ਉੱਦਮਾਂ ਦੀਆਂ ਸੰਭਾਵਨਾਵਾਂ ਪੇਸ਼ ਕੀਤੀਆਂ, ਜਿਸ ਨਾਲ ਪੰਜਾਬ ਦੇ ਕਿਸਾਨਾਂ ਨੂੰ ਫਾਇਦਾ ਹੋਵੇਗਾ। ਇਸ ਮੌਕੇ ਮਾਹਿਰਾਂ ਨੇ ਕਿਸਾਨਾਂ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਵੀ ਕੀਤੀ।

ਇਸ ਤੋਂ ਪਹਿਲਾਂ ਡਾ. ਵਰਮਾ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਪੰਜਾਬ 'ਚ ਛੋਟੇ ਅਤੇ ਹਾਸ਼ੀਏ 'ਤੇ ਡੇਅਰੀ ਅਤੇ ਬੱਕਰੀ ਪਾਲਕਾਂ ਨੂੰ ਦਰਪੇਸ਼ ਮੌਜੂਦਾ ਮੁੱਦਿਆਂ ਪ੍ਰਤੀ ਜਾਣੂ ਕਰਵਾਇਆ। ਇਸ ਵਰਕਸ਼ਾਪ ਮੌਕੇ ਐਮ. ਡੀ. ਡਾ. ਐਸ. ਕੇ. ਨਾਗਪਾਲ, ਡਾ. ਪੀ. ਕੇ. ਸਿੰਘ, ਡਾ. ਪੀ. ਐਨ. ਦਿਵੇਦੀ, ਡਾ. ਵੀ. ਕੇ. ਗੰਡੋਤਰਾ, ਡਾ. ਐਸ. ਬੀ. ਬਖ਼ਸ਼ੀ ਸਮੇਤ ਪੀ. ਯੂ. ਐਮ. ਦੇ ਨੁਮਾਇੰਦਿਆਂ ਦੇ ਨਾਲ ਵੇਰਕਾ ਮਿਲਕ ਪਲਾਂਟ, ਅੰਮ੍ਰਿਤਸਰ ਪਹੁੰਚੇ ਜਿੱਥੇ ਉਨ੍ਹਾਂ ਨੇ ਪ੍ਰਬੰਧਕੀ ਸਟਾਫ਼ ਨਾਲ ਗੱਲਬਾਤ ਕੀਤੀ ਅਤੇ ਵਿਚਾਰਾਂ ਅਤੇ ਸੁਝਾਵਾਂ ਦਾ ਆਦਾਨ-ਪ੍ਰਦਾਨ ਕੀਤਾ।

# ਲੁਧਿਆਣਾ ਕੋਰਟ ਕੰਪਲੈਕਸ ਦੇ ਬਾਹਰ ਚੱਲੀਆਂ ਗੋਲੀਆਂ

**ਚੰਡੀਗੜ੍ਹ/ਵਿਨੋਦ ਸ਼ਰਮਾ**

ਲੁਧਿਆਣਾ ਕੋਰਟ ਕੰਪਲੈਕਸ ਦੇ ਬਾਹਰ ਗੋਲੀਆਂ ਚੱਲਣ ਦੀ ਖ਼ਬਰ ਪ੍ਰਾਪਤ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ, ਕੁੱਝ ਲੋਕਾਂ ਨੇ ਨੌਜਵਾਨ 'ਤੇ ਆਉਂਦੇ ਸਾਰ ਹੀ ਫ਼ਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ। ਇਸ ਗੋਲੀਬਾਰੀ ਵਿਚ ਇਕ ਨੌਜਵਾਨ ਦੇ ਜ਼ਖ਼ਮੀ ਹੋਣ ਦੀ ਖ਼ਬਰ ਵੀ ਸਾਹਮਣੇ ਆਈ ਹੈ।

ਜਿਸ ਨੂੰ ਕਿਸੇ ਗੱਡੀ ਵਿਚ ਪਾ ਕੇ ਹਸਪਤਾਲ ਲਿਜਾਇਆ ਗਿਆ ਹੈ। ਪੁਲਿਸ ਸੂਤਰਾਂ ਦੀ ਮੰਨੀਏ ਤਾਂ, ਘਟਨਾ ਵਾਲੀ ਥਾਂ ਤੋਂ ਗੋਲੀਆ ਦੇ ਦੋ ਖੋਲ ਤਾਂ ਬਰਾਮਦ ਕਰ ਲਏ ਗਏ ਹਨ, ਬਾਕੀ ਜਾਂਚ ਜਾਰੀ ਹੈ।

ਪੁਲਿਸ ਮੁਤਾਬਿਕ, ਗਵਾਹੀ ਦੇਣ ਆਏ ਸ਼ਖ਼ਸ਼ ਤੇ ਗੋਲੀਆਂ ਚੱਲੀਆਂ ਹਨ। ਪੁਲਿਸ ਅਧਿਕਾਰੀਆਂ ਦੀ ਮੰਨੀਏ ਤਾਂ, ਪੁਲਿਸ ਨੇ ਦਾਅਵਾ ਕੀਤਾ ਕਿ, ਕੋਰਟ ਦੇ ਬਾਹਰ ਸੜਕ 'ਤੇ ਗੋਲੀਆਂ ਚੱਲੀਆਂ ਹਨ। ਪੁਲਿਸ ਅਧਿਕਾਰੀ ਮੁਤਾਬਿਕ, 2020 ਦਾ ਇੱਕ ਮਾਮਲਾ ਹੈ, ਜਿਸ ਮਾਮਲੇ ਵਿਚ ਇਕ ਨੌਜਵਾਨ ਕੋਰਟ ਵਿਚ ਗਵਾਹ ਆਇਆ ਸੀ ਅਤੇ ਜਿਸ 'ਤੇ ਗੋਲੀਆਂ ਚੱਲੀਆਂ ਹਨ। ਹਾਲਾਂਕਿ, ਸ਼ੱਕ ਇਹ ਵੀ ਜਤਾਇਆ ਜਾ ਰਿਹਾ ਹੈ ਕਿ, ਇਹ ਗੈਂਗਵਾਰ ਦੀ ਘਟਨਾ ਹੋ ਸਕਦੀ ਹੈ, ਜਦੋਂਕਿ ਪੁਲਿਸ ਅਧਿਕਾਰੀਆਂ ਦਾ ਦਾਅਵਾ ਹੈ ਕਿ, ਇਹ ਗੈਂਗਵਾਰ ਦਾ ਮਾਮਲਾ ਨਹੀਂ ਹੈ।

# ਜਿਲ੍ਹਾ ਤਰਨ ਤਾਰਨ ਦੇ ਪਿੰਡ ਜੱਲੋਕੇ ਵਿਖੇ ਰੇਤੇ ਦੀ ਖੱਡ ਸ਼ੁਰੂ ਹੋਣ ਨਾਲ ਹਲਕੇ ਦੇ ਲੋਕਾਂ ਨੂੰ ਮਿਲੀ ਵੱਡੀ ਰਾਹਤ

**ਸਭਰਾ/ਕਿਸ਼ੋਰੀ ਲਾਲ ਹੈਪੀ ਸਭਰਾ**

ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਸਸਤਾ ਰੇਤ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਜਿਲ੍ਹਾ ਤਰਨ ਤਾਰਨ ਵਿਖੇ ਪਿੰਡ ਜੱਲੋਕੇ ਵਿੱਚ ਖੱਡ ਤੋਂ ਰੇਤੇ ਦੀ ਨਿਕਾਸੀ ਸ਼ੁਰੂ ਹੋ ਗਈ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਿਸ਼ੀਪਾਲ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਬ-ਡਵੀਜ਼ਨ ਪੱਟੀ ਦੇ ਪਿੰਡ ਜੱਲੋਕੇ ਵਿਖੇ ਇੱਕ ਖੱਡ ਸ਼ੁਰੂ ਕਰਵਾਈ ਗਈ ਹੈ, ਇਸ ਖੱਡ ਤੋਂ ਲੋਕਾਂ ਨੂੰ ਲੋੜ ਅਨੁਸਾਰ ਰੇਤਾ ਮਿਲ ਸਕੇਗਾ। ਉਹਨਾਂ ਦੱਸਿਆ ਕਿ ਇਸ ਖੱਡ ਤੋਂ ਲੋਕਾਂ ਨੂੰ 5.50 ਰੁਪਏ ਪ੍ਰਤੀ ਘਣ ਫੁੱਟ ਦੀ ਦਰ 'ਤੇ ਰੇਤਾ ਮਿਲੇਗਾ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਹੁਣ ਕੋਈ ਵੀ ਵਿਅਕਤੀ ਆਪਣੇ ਟਰੈਕਟਰ ਟਰਾਲੀ ਰਾਹੀਂ ਇੱਥੋਂ ਆਪਣੀ ਲੇਬਰ ਰਾਹੀਂ ਟਰਾਲੀ ਭਰਵਾ ਕੇ ਅਤੇ 5.50 ਰੁਪਏ ਪ੍ਰਤੀ ਘਣ ਫੁੱਟ ਦੀ ਦਰ ਨਾਲ ਅਦਾਇਗੀ ਕਰਕੇ ਰੇਤ ਲਿਜਾ ਸਕਦਾ ਹੈ। ਇਸ ਮੌਕੇ 'ਤੇ ਮਾਇਨਿੰਗ ਵਿਭਾਗ ਦੇ ਅਧਿਕਾਰੀ ਹਾਜ਼ਰ ਹਨ, ਜੋ ਮੌਕੇ 'ਤੇ ਹੀ ਅਦਾਇਗੀ ਲੈ ਕੇ ਰੇਤੇ ਦੀ ਭਰਾਈ ਕਰਵਾ ਰਹੇ ਹਨ। ਉਨ੍ਹਾਂ ਨੇ



ਦੱਸਿਆ ਕਿ ਇਸ ਖੱਡ ਤੋਂ ਸਿਰਫ ਲੇਬਰ ਦੀ ਮੱਦਦ ਨਾਲ ਹੀ ਰੇਤੇ ਦੀ ਨਿਕਾਸੀ ਦੀ ਆਗਿਆ ਦਿੱਤੀ ਗਈ ਹੈ ਅਤੇ ਮਸ਼ੀਨਾਂ ਨਾਲ ਖੁਦਾਈ ਜਾਂ ਭਰਾਈ ਕਰਨ ਦੀ ਆਗਿਆ ਨਹੀਂ ਹੋਵੇਗੀ।

ਪੰਜਾਬ ਸਰਕਾਰ ਦੇ ਲੋਕਾਂ ਨੂੰ ਸਸਤਾ ਰੇਤਾ ਮੁਹੱਈਆ ਕਰਵਾਉਣ ਦੇ ਉਪਰਾਲੇ ਸਦਕਾ ਜਿਲ੍ਹੇ ਵਿੱਚ ਰੇਤੇ ਦੀ ਖੱਡ ਸ਼ੁਰੂ ਹੋਣ ਨਾਲ ਲੋਕਾਂ ਨੂੰ ਰਾਹਤ ਮਿਲੀ ਹੈ। ਇਸ ਸਬੰਧੀ ਜਿਲ੍ਹਾ ਤਰਨ ਤਾਰਨ ਦੇ ਪਿੰਡ ਸੀਤੋ ਦੇ ਨੌਜਵਾਨ ਬਲਰਾਜ ਸਿੰਘ ਨੇ ਦੱਸਿਆ ਕਿ ਤੈਅ ਕੀਮਤ 'ਤੇ ਘਰ ਦੇ ਨੇੜੇ ਹੀ ਰੇਤਾ ਮਿਲਣ ਲੱਗਾ ਹੈ । ਇਸੇ ਤਰਾਂ ਅਮਰਜੀਤ ਸਿੰਘ ਵਾਸੀ ਪਿੰਡ ਨਿਜ਼ਾਮਦੀਨ ਵਾਲਾ ਨੇ ਰੇਤ ਖੱਡਾਂ ਸ਼ੁਰੂ ਕਰਨ ਲਈ ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇੰਨ੍ਹਾਂ ਖੱਡਾਂ ਦੇ ਸ਼ੁਰੂ ਹੋਣ ਨਾਲ ਲੋਕਾਂ ਨੂੰ ਜਿੱਥੇ ਸਸਤਾ ਰੇਤਾ ਮਿਲੇਗਾ, ਉੱਥੇ ਹੀ ਇਸ ਨਾਲ ਲੇਬਰ ਨੂੰ ਵੀ ਕੰਮ ਮਿਲੇਗਾ।

ਅਦਾਰਾ ਲੋਕ ਬਾਣੀ ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇਨ੍ਹਾਂ ਤੱਥਾਂ ਦੀ ਪੜ੍ਹਤਾਲ, ਪੁਸ਼ਟੀ ਕਰ ਲੈਣ। ਰੋਜਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾਂ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ ਖ਼ਬਰਾਂ ਪ੍ਰਤੀ ਜੁਮੇਵਾਰੀ ਸੰਬਧਤ ਪੱਤਰਕਾਰ ਦੀ ਹੋਵੇਗੀ।

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਵਿਦਿਆਰਥੀ ਦੇ ਜੀਵਨ ਵਿੱਚ ਸਿੱਖਿਆ ਅਤੇ ਅਭਿਲਾਸ਼ਾ ਦਾ ਮੁੱਲ



**ਵਿਜੈ ਗਰਗ**
ਰਿਟਾਇਰਡ ਪ੍ਰਿੰਸੀਪਲ
ਐਜੂਕੇਸ਼ਨਲ
ਕਾਲਮਨਵੀਸ ਮਲੋਟ
ਪੰਜਾਬ

**ਸਿੱਖਿਆ** ਗਿਆਨ ਪ੍ਰਦਾਨ ਕਰਦੀ ਹੈ ਪਰ ਹੁਨਰ ਅਤੇ ਪੇਸ਼ੇਵਰ ਗੁਣਾਂ ਨੂੰ ਢਾਲਦਾ ਹੈ ਅਤੇ ਇੱਕ ਸਫਲ ਕਰੀਅਰ ਲਿਆਉਂਦਾ ਹੈ। ਪੜ੍ਹਾਈ ਵਿੱਚ, ਹੁਨਰ ਦਾ ਵਿਕਾਸ ਇੱਕ ਲੋੜ ਹੈ ਅਤੇ ਸਿਰਫ ਮਿਹਨਤੀ ਅਤੇ ਕਾਬਲ ਵਿਦਿਆਰਥੀ ਹੀ ਬਚਦਾ ਹੈ। ਇੱਕ ਹੋਰ ਮਹੱਤਵਪੂਰਨ ਪਹਿਲੂ ਇਹ ਹੈ ਕਿ ਸਿੱਖਿਆ ਸਾਡੇ ਜੀਵਨ ਨੂੰ ਉੱਤਮ ਅਤੇ ਉੱਚੀ ਦਿਸ਼ਾ ਵੱਲ ਲੈ ਜਾਂਦੀ ਹੈ। ਲੈਕਚਰਾਂ ਅਤੇ ਅਸਾਈਨਮੈਂਟਾਂ ਤੋਂ ਬਾਅਦ ਯੋਗਤਾ ਇਮਤਿਹਾਨ ਉੱਚ ਪੱਧਰ ’ਤੇ ਵਿਦਿਆਰਥੀਆਂ ਦੇ ਪੱਧਰ ਦਾ ਮੁਲਾਂਕਣ ਕਰਦੇ ਹਨ। ਸਿੱਖਿਆ ਦੇ ਸ਼ੁਰੂਆਤੀ ਪੜਾਅ ਤੋਂ ਹੀ ਸਫਲਤਾ ਅਤੇ ਕੰਮ ਵਿਦਿਆਰਥੀਆਂ ਦੇ ਦਿਮਾਗ ਵਿੱਚ ਕੇਂਦਰਿਤ ਹੁੰਦੇ ਹਨ, ਇਸ ਲਈ ਸਿਰਫ ਉਹ ਆਪਣੇ ਨਤੀਜੇ ਪ੍ਰਾਪਤ ਕਰਨ ਲਈ ਸਿੱਖਿਆ ਦੇ ਖੇਤਰ ਵਿੱਚ ਇੰਨੀ ਡੂੰਘੀ ਦਿਲਚਸਪੀ ਲੈਂਦੇ ਹਨ ਅਤੇ ਸਿਰਫ ਮੈਰਿਟ ’ਤੇ ਖੜ੍ਹੇ ਹੋਣਾ ਚਾਹੁੰਦੇ ਹਨ। ਅਭਿਲਾਸ਼ਾ, ਉਦੇਸ਼ ਅਤੇ ਟੀਚਿਆਂ ਦੀ ਉਪਲਬਧਤਾ ਸਿੱਖਿਆ ਦੀ ਇਕਾਗਰਤਾ ਨੂੰ ਨਿਰਧਾਰਤ ਕਰਦੀ ਹੈ ਅਤੇ ਵਿਅਕਤੀ ਨੂੰ ਕਰੀਅਰ ਬਣਾਉਣ ਲਈ ਉਸ ਮਾਹੌਲ ਵਿੱਚ ਰਹਿਣਾ ਪੈਂਦਾ ਹੈ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਸਿੱਖਿਆ ਅਤੇ ਮਾਨਤਾ ਦੋ ਸਿੱਕਿਆਂ ਦੇ ਇੱਕੋ ਪਹਿਲੂ ਹਨ ਜੋ ਵਿਦਿਆਰਥੀ ਦੇ ਕੈਰੀਅਰ ਦੀ ਅਗਵਾਈ ਕਰਦੇ ਹਨ ਅਤੇ ਉਸਨੂੰ ਉਸਦੇ ਜੀਵਨ ਵਿੱਚ ਆਤਮਵਿਸ਼ਵਾਸ, ਦ੍ਰਿੜ, ਸੁਤੰਤਰ ਅਤੇ ਚੰਗੀ ਤਰ੍ਹਾਂ ਸਿੱਖਿਅਤ ਵੀ ਬਣਾਉਂਦੇ ਹਨ। ਕਈ ਵਾਰ, ਵਿਦਿਆਰਥੀਆਂ ਨੂੰ ਆਪਣੀ ਸਿੱਖਿਆ ਦੇ ਰਾਜ ਦੇ ਪ੍ਰਬੰਧਾਂ ਨੂੰ ਪੂਰਾ ਕਰਨ ਲਈ ਹੁਨਰਮੰਦ ਪੇਸ਼ੇਵਰਾਂ ਅਤੇ ਗਿਆਨ ਸਮੱਗਰੀ ਦੀ ਘਾਟ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਉਹਨਾਂ ਨੂੰ ਢਿੱਲਾ ਮਹਿਸੂਸ ਕਰਦਾ ਹੈ। ਪਰ, ਇਹ ਸਮੇਂ ਦੇ ਸ਼ੁਰੂਆਤੀ ਦੌਰ ਵਿੱਚ ਦੇਖਿਆ ਗਿਆ ਸੀ, ਹੁਣ ਨਹੀਂ। ਕਿਉਂਕਿ ਮੌਜੂਦਾ ਸਮੇਂ ਵਿੱਚ ਸਿੱਖਿਆ ਪ੍ਰਣਾਲੀ ਦੇ ਸਾਰੇ ਮਾਪਦੰਡ ਅਤੇ ਤਰੀਕੇ ਬਦਲ ਦਿੱਤੇ ਗਏ ਹਨ। ਇੱਕ ਸਿੱਖਿਆ, ਇਸਦੇ ਅਨੁਕੂਲ ਮਾਪਾਂ, ਟੀਚਾ-ਅਧਾਰਿਤ ਉਦੇਸ਼ਾਂ, ਅਤੇ ਗਿਆਨ ਜਾਗਰੂਕਤਾ ਦੇ ਨਾਲ ਆਪਣੇ ਨਿਯਮਾਂ ਅਤੇ ਪਾਬੰਦੀਆਂ ਦਾ ਇੱਕ ਸਮੂਹ ਲਿਆਉਂਦੀ ਹੈ ਜਿਸ ਵਿੱਚ ਵਿਦਿਆਰਥੀਆਂ ਦੀ ਬਿਹਤਰੀ ਲਈ ਸਫਲਤਾਪੂਰਵਕ ਲਾਗੂ ਕਰਨ ਲਈ ਸਾਵਧਾਨੀਪੂਰਵਕ ਨਿਗਰਾਨੀ ਅਤੇ ਕਰਮਚਾਰੀਆਂ ਦੀ ਲੋੜ ਹੁੰਦੀ ਹੈ। ਸਿੱਖਿਆ ਵਿਦਿਆਰਥੀਆਂ ਨੂੰ ਆਪਣੇ ਕੈਰੀਅਰ ਦੀ ਅਗਵਾਈ ਕਰਨ ਅਤੇ ਜੀਵਨ ਵਿੱਚ ਇੱਕ ਵੱਡਮੁੱਲਾ ਸਥਾਨ ਪ੍ਰਾਪਤ ਕਰਨ ਲਈ ਹਮੇਸ਼ਾਂ ਤਾਕਤ, ਬੁੱਧੀਮਾਨ ਦਿਮਾਗ ਅਤੇ ਕਿਰਿਆਸ਼ੀਲ ਵਿਚਾਰ ਦਿੰਦੀ ਹੈ। ਅਭਿਲਾਸ਼ਾ ਮਨੁੱਖੀ ਜੀਵਨ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਹੈ ਅਤੇ ਇਹ ਸਾਡੇ ਜੀਵਨ ਵਿੱਚ ਉੱਪਰ ਵੱਲ ਵਧਣ ਵਾਲੀਆਂ ਦਿਸ਼ਾਵਾਂ ਦੇ ਨਾਲ ਇੱਕ ਨਵਾਂ ਤੱਤ ਵੀ ਪ੍ਰਦਾਨ ਕਰਦਾ ਹੈ। ਸਾਡੇ ਸਾਰਿਆਂ ਲਈ ਆਪਣੇ ਜੀਵਨ ਵਿੱਚ ਇੱਕ ਅਭਿਲਾਸ਼ਾ ਹੋਣਾ ਜ਼ਰੂਰੀ ਹੈ, ਤਾਂ ਜੋ ਅਸੀਂ ਸਾਰਥਕ ਤਰੀਕੇ ਨਾਲ ਜੀ ਸਕੀਏ। ਜ਼ਿੰਦਗੀ ਵਿਚ ਚੰਗੀ ਤਰ੍ਹਾਂ ਜਿਊਣ ਲਈ ਹਰ ਕਿਸੇ ਲਈ ਅਭਿਲਾਸ਼ਾ ਜ਼ਰੂਰੀ ਹੈ। ਅਭਿਲਾਸ਼ਾ ਤੋਂ ਬਿਨਾਂ, ਜੀਵਨ ਸੰਸਾਰ ਵਿੱਚ ਬੋਰਿੰਗ, ਇਕਸਾਰ ਅਤੇ ਰੁਚੀ ਰਹਿਤ ਹੋਵੇਗਾ। ਇਸ ਲਈ ਸੰਸਾਰ ਦੇ ਜੀਵਨ ਵਿੱਚ ਜਿਉਂਦੇ ਰਹਿਣ, ਪਾਲਣ-ਪੋਸ਼ਣ ਅਤੇ ਸਫ਼ਲਤਾ ਲਈ ਅਭਿਲਾਸ਼ਾ ਜ਼ਰੂਰੀ ਹੈ। ਇਹ ਸੱਚਮੁੱਚ ਦੇਖਿਆ ਗਿਆ ਹੈ ਕਿ ਅਭਿਲਾਸ਼ਾ ਸਾਡੇ ਸਾਰਿਆਂ ਵਿੱਚ ਸਭ ਤੋਂ ਵਧੀਆ ਲਿਆਉਂਦੀ ਹੈ ਅਤੇ ਸਾਡੇ ਟੀਚਿਆਂ ਵਿੱਚ ਸਫਲਤਾ ਪ੍ਰਾਪਤ ਕਰਨ ਵਿੱਚ ਵੀ ਮਦਦ ਕਰਦੀ ਹੈ। ਅਭਿਲਾਸ਼ਾ ਜੀਵਨ ਵਿੱਚ ਸੰਪੂਰਨਤਾ ਪ੍ਰਾਪਤ ਕਰਨ ਵਿੱਚ ਸਾਡੀ ਮਦਦ ਕਰਦੀ ਹੈ। ਇਸ ਲਈ ਕਿਸ ਕਿਸਮ ਦੀ ਅਭਿਲਾਸ਼ਾ ਜ਼ਰੂਰੀ ਹੈ ਉਹ ਚੀਜ਼ ਹੈ ਜਿਸਨੂੰ ਸਹੀ ਢੰਗ ਨਾਲ ਸੋਚਣਾ ਚਾਹੀਦਾ ਹੈ ਅਤੇ ਜੀਵਨ ਵਿੱਚ ਕਰੀਅਰ ਬਣਾਉਣ ਲਈ ਆਪਣੇ ਸਾਰੇ ਯਤਨਾਂ ਨੂੰ ਲਾਗੂ ਕਰਨਾ ਹੈ। ਅਭਿਲਾਸ਼ਾ ਜੀਵਨ ਦੀ ਚਾਲਕ ਸ਼ਕਤੀ ਹੈ ਜੋ ਸੰਸਾਰ ਵਿੱਚ ਮਹਾਨ ਪ੍ਰਾਪਤੀਆਂ ਨੂੰ ਸੰਭਵ ਬਣਾਉਂਦੀ ਹੈ। ਇੱਥੇ ਰਹਿਣਾ ਕਾਫ਼ੀ ਨਹੀਂ ਹੈ, ਕਿਸੇ ਦੀ ਜ਼ਿੰਦਗੀ ਨੂੰ ਦਿਲਚਸਪ ਬਣਾਉਣ ਜਾਂ ਦਿਲਚਸਪ ਚੀਜ਼ਾਂ, ਯੋਗ ਚੀਜ਼ਾਂ, ਵਧੀਆ ਚੀਜ਼ਾਂ ਅਤੇ ਮਹਾਨ ਚੀਜ਼ਾਂ ਨੂੰ ਦੁਨੀਆ ਲਈ ਜਾਣਿਆ ਜਾਣ ਵਾਲਾ ਬਣਾਉਣ ਲਈ ਕੁਝ ਪ੍ਰਾਪਤ ਕਰਨਾ ਪੈਂਦਾ ਹੈ। ਵਿਦਿਆਰਥੀਆਂ ਦੇ ਕੈਰੀਅਰ ਨੂੰ ਆਕਾਰ ਦੇਣ ਲਈ ਸਿੱਖਿਆ ਹਮੇਸ਼ਾ ਹੀ ਬੁਨਿਆਦੀ ਸਾਧਨ ਰਹੀ ਹੈ। ਕੈਰੀਅਰ ਨੂੰ ਵਿਕਸਤ ਕਰਨ ਲਈ ਤੁਸੀਂ ਜੋ ਸਭ ਤੋਂ ਮਹੱਤਵਪੂਰਨ ਕਦਮ ਚੁੱਕ ਸਕਦੇ ਹੋ, ਉਹ ਹੈ ਕੁਝ ਸਿਖਲਾਈ ਅਤੇ ਸਿੱਖਿਆ ਲੈਣਾ। ਤੁਸੀਂ ਆਪਣੇ ਮੌਜੂਦਾ ਹੁਨਰ ਨੂੰ ਸੁਧਾਰ ਸਕਦੇ ਹੋ ਜਾਂ ਨਵਾਂ ਬਣਾ ਸਕਦੇ ਹੋ-ਆਪਣੇ ਖੁਦ ਦੇ ਪੇਸ਼ੇਵਰ ਜੀਵਨ ਦੇ ਮਾਹਰ ਬਣ ਸਕਦੇ ਹੋ। ਵਿੱਚ, ਤੁਹਾਡੇ ਆਦਰਸ਼ ਟੀਚਿਆਂ ਤੱਕ ਪਹੁੰਚਣ ਲਈ ਤੁਹਾਡੇ ਹੁਨਰ ਨੂੰ ਬਣਾਉਣਾ ਮਹੱਤਵਪੂਰਨ ਹੈ। ਕਿਉਂਕਿ ਆਖਰਕਾਰ, ਤੁਹਾਨੂੰ ਇਸ ਤੱਥ ਦੇ ਕਾਰਨ ਆਪਣੀ ਨੌਕਰੀ ਨਹੀਂ ਮਿਲੀ ਹੈ ਕਿ ਤੁਹਾਡੇ ਕੋਲ ਕੁਝ ਹੁਨਰ ਜਾਂ ਤਜ਼ਰਬੇ ਦੀ ਘਾਟ ਹੈ. ਨਵੇਂ ਸੱਭਿਆਚਾਰ, ਨਵੇਂ ਖੇਤਰ, ਨਵੀਆਂ ਚੁਣੌਤੀਆਂ ਦਾ ਅਨੁਭਵ ਕਰਨ ਅਤੇ ਪੂਰੀ ਨਵੀਂ ਦੁਨੀਆਂ ਲਈ ਆਪਣੇ ਮਨ ਨੂੰ ਖੋਲ੍ਹਣ ਬਾਰੇ ਸਿੱਖਣ ਅਤੇ ਸਿੱਖਿਆ ਅਤੇ ਗਿਆਨ ਤੋਂ ਬਹੁਤ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ।ਸਹੀ ਕੈਰੀਅਰ ਮਾਰਗ ਦੀ ਚੋਣ ਕਰਨਾ ਵਿਕਲਪਾਂ ਦਾ ਰਸਤਾ ਹੈ, ਕਿਸੇ ਦੇ ਕਰੀਅਰ ਦੇ ਮਾਰਗ ਬਾਰੇ ਫੈਸਲਾ ਲੈਣ ਤੋਂ ਪਹਿਲਾਂ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਪੇਸ਼ ਕੀਤੇ ਜਾ ਰਹੇ ਕੋਰਸਾਂ ਬਾਰੇ ਹਮੇਸ਼ਾਂ ਬਿਹਤਰ ਜਾਣਕਾਰੀ ਹੁੰਦੀ ਹੈ। ਪਦਾਰਥਵਾਦੀ ਵਿਕਾਸ, ਬੌਧਿਕ ਵਿਕਾਸ ਅਤੇ ਅਧਿਆਤਮਿਕ ਵਿਕਾਸ ਲਈ ਅਭਿਲਾਸ਼ਾ ਵਾਲੇ ਵਿਅਕਤੀ ਹਨ। ਇਸ ਲਈ, ਸਰਬਪੱਖੀ ਵਿਕਾਸ ਦੀ ਅਭਿਲਾਸ਼ਾ ਹੀ ਮਨੁੱਖ ਨੂੰ ਸਕਾਰਾਤਮਕ ਗੁਣਾਂ ਵਾਲਾ ਸੰਪੂਰਨ ਮਨੁੱਖ ਬਣਾ ਸਕਦੀ ਹੈ, ਜੋ ਮਨੁੱਖੀ ਸੱਭਿਆਚਾਰ ਦਾ ਉਦੇਸ਼ ਹੈ ਅਤੇ ਵਿਸ਼ਵ ਦੀ ਭਲਾਈ ਲਈ ਜ਼ਰੂਰੀ ਹੈ। ਸਾਡੇ ਸਾਰਿਆਂ ਲਈ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਜੋ ਲਾਲਸਾਵਾਂ ਇਕਪਾਸੜਤਾ, ਸੁਆਰਥ ਜਾਂ ਕਲਪਨਾ ’ਤੇ ਆਧਾਰਿਤ ਹਨ, ਉਹ ਸੰਸਾਰ ਦੇ ਮਨੁੱਖੀ ਸਮਾਜ ਲਈ ਅਸਧਾਰਨ, ਗੈਰ-ਕੁਦਰਤੀ ਅਤੇ ਅਣਚਾਹੇ ਹਨ। ਇਸ ਲਈ ਅਭਿਲਾਸ਼ਾ ਜ਼ਰੂਰੀ ਹੈ, ਪਰ ਚੰਗੀ ਅਭਿਲਾਸ਼ਾ ਹੀ ਜੀਵਨ ਵਿੱਚ ਸੰਤੁਸ਼ਟੀ, ਸ਼ਾਂਤੀ ਅਤੇ ਖੁਸ਼ੀ ਦੇ ਸਕਦੀ ਹੈ। ਸਿਰਫ਼ ਇਹ ਮੰਨਿਆ ਜਾਂਦਾ ਹੈ ਕਿ ਸਿਰਫ਼ ਵਿਅਕਤੀਆਂ ਲਈ ਹੀ ਨਹੀਂ, ਸਗੋਂ ਕੌਮਾਂ ਲਈ ਵੀ ਸਿਹਤਮੰਦ ਮਨੁੱਖੀ ਅਭਿਲਾਸ਼ਾ ਅਤਿ ਜ਼ਰੂਰੀ ਹੈ ਤਾਂ ਜੋ ਸੰਸਾਰ ਵਿੱਚ ਹਰ ਕਿਸੇ ਲਈ ਅਸਲ ਸ਼ਾਂਤੀ, ਖੁਸ਼ਹਾਲੀ ਅਤੇ ਤਰੱਕੀ ਪ੍ਰਾਪਤ ਕੀਤੀ ਜਾ ਸਕੇ। ਇਸ ਲਈ, ਅਜਿਹੇ ਵਿਆਪਕ ਵਿਚਾਰ ਨੂੰ ਲਾਗੂ ਕਰਨ ਲਈ, ਹਰੇਕ ਵਿਅਕਤੀ ਨੂੰ ਆਪਣੇ ਵਿਚਾਰਾਂ ਨੂੰ ਸਿਰਫ਼ ਆਪਣੇ ਵਿਅਕਤੀਗਤ ਸਵੈ ਤੱਕ ਸੀਮਤ ਕਰਨ ਦੀ ਬਜਾਏ, ਭਵਿੱਖ ਦੇ ਸੰਸਾਰ ਦੇ ਦ੍ਰਿਸ਼ਟੀਕੋਣ ਦੇ ਨਾਲ ਕੁਝ ਯਥਾਰਥਵਾਦੀ ਅਤੇ ਚੰਗੀ ਇੱਛਾ ਰੱਖਣੀ ਚਾਹੀਦੀ ਹੈ। ਸਿੱਖਿਆ ਦਾ ਮੁੱਖ ਉਦੇਸ਼ ਵਿਅਕਤੀ ਦੇ ਗਿਆਨ, ਹੁਨਰ ਅਤੇ ਚਰਿੱਤਰ ਦਾ ਵਿਕਾਸ ਕਰਨਾ ਹੈ। ਕਿਸੇ ਵਿਅਕਤੀ ਦੇ ਮਨ ਵਿੱਚ ਗਿਆਨ ਉਦੋਂ ਪੈਦਾ ਹੁੰਦਾ ਹੈ ਜਦੋਂ ਉਹ ਵਿਅਕਤੀ ਕਿਸੇ ਵਿਚਾਰ ਜਾਂ ਅਨੁਭਵ ਨਾਲ ਗੱਲਬਾਤ ਕਰਦਾ ਹੈ। ਸਿੱਖਿਆ ਵਿਦਿਆਰਥੀ ਦੇ ਅੰਦਰ ਪਹਿਲਾਂ ਤੋਂ ਹੀ ਕੀ ਹੈ ਉਸ ਨੂੰ ਬਾਹਰ ਕੱਢਣ ਬਾਰੇ ਹੈ। ਖੈਰ, ਇਹ ਅਧਿਆਪਕਾਂ ਦਾ ਫਰਜ਼ ਅਤੇ ਮਹਿਜ਼ ਜ਼ਿੰਮੇਵਾਰੀ ਹੈ ਕਿ ਉਹ ਵਿਦਿਆਰਥੀਆਂ ਨੂੰ ਆਪਣੀ ਜ਼ਿੰਦਗੀ ਵਿਚ ਸਰਵੋਤਮ ਸਥਾਨ ਹਾਸਲ ਕਰਨ ਲਈ ਲੋੜੀਂਦਾ ਗਿਆਨ ਅਤੇ ਹੁਨਰ ਪ੍ਰਦਾਨ ਕਰਨ ਅਤੇ ਆਪਣੇ ਕੈਰੀਅਰ ਵਿਚ ਵੀ ਉੱਡਦੇ ਰੰਗ ਲੈ ਕੇ ਆਉਣ। ਸਿੱਖਿਆ ਦਾ ਕੇਂਦਰੀ ਕੰਮ ਅਤੇ ਅਰਥ ਵਿਦਿਆਰਥੀਆਂ ਵਿੱਚ ਇੱਛਾ ਸ਼ਕਤੀ ਪੈਦਾ ਕਰਨਾ ਹੈ ਅਤੇ ਸਿੱਖਣ ਲਈ ਸਭ ਤੋਂ ਵਧੀਆ ਸਹੂਲਤਾਂ ਪ੍ਰਦਾਨ ਕਰਨਾ ਹੈ ਤਾਂ ਜੋ ਵਿਅਕਤੀ ਆਸਾਨੀ ਨਾਲ ਆਪਣੇ ਜੀਵਨ ਦਾ ਸਹੀ ਅਰਥ ਲੱਭ ਸਕੇ। ਹਰ ਚੰਗੀ ਅਤੇ ਲਾਹੇਵੰਦ ਸਿੱਖਿਆ ਦੀ ਕੋਸ਼ਿਸ਼ ਨੂੰ ਸਭ ਤੋਂ ਵਧੀਆ ਢੰਗ ਨਾਲ ਵਰਤਿਆ ਜਾਣਾ ਚਾਹੀਦਾ ਹੈ, ਜੋ ਵਿਦਿਆਰਥੀਆਂ ਨੂੰ ਆਪਣੇ ਸਿੱਖਣ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਨਾਲ-ਨਾਲ ਆਪਣੇ ਕੈਰੀਅਰ ਵਿੱਚ ਇੱਕ ਚਮਕਦਾਰ ਚੰਗਿਆੜੀ ਬਣਨ ਵਿੱਚ ਮਦਦ ਕਰ ਸਕਦਾ ਹੈ। ਸਿੱਖਿਆ ਦਾ ਉਦੇਸ਼ ਇੱਕ ਵਿਦਿਆਰਥੀ ਨੂੰ ਸਿਖਾਉਣਾ ਹੈ ਕਿ ਉਸ ਦੀ ਜ਼ਿੰਦਗੀ ਨੂੰ ਸਭ ਤੋਂ ਵੱਧ ਸੰਚਾਲਿਤ ਅਤੇ ਨਿਯੰਤਰਿਤ ਢੰਗ ਨਾਲ ਕਿਵੇਂ ਜੀਣਾ ਹੈ। ਅਤੇ ਆਪਣੇ ਮਨ ਨੂੰ ਵਿਕਸਤ ਕਰਕੇ ਅਤੇ ਉਸਨੂੰ ਅਸਲੀਅਤ ਨਾਲ ਨਜਿੱਠਣ ਲਈ ਉਤਸ਼ਾਹਿਤ ਕਰਕੇ ਵੀ. ਵਿਦਿਆਰਥੀਆਂ ਨੂੰ ਸਿੱਖਿਆ ਦੇ ਆਦਰ ਮਾਧਿਅਮ ਰਾਹੀਂ ਸਮਝਣ, ਲਾਗੂ ਕਰਨ ਅਤੇ ਆਪਣੇ ਆਪ ਨੂੰ ਸਾਬਤ ਕਰਨ ਲਈ ਚੰਗੇ ਢੰਗ ਨਾਲ ਸਿਖਾਇਆ ਜਾਣਾ ਚਾਹੀਦਾ ਹੈ। ਤਜ਼ਰਬੇ, ਗਿਆਨ ਅਤੇ ਦ੍ਰਿਸ਼ਟੀ ਦੇ ਅਧਾਰ ’ਤੇ ਇੱਕ ਢੁਕਵੀਂ ਅਭਿਲਾਸ਼ਾ ਨਾਲ, ਵਿਅਕਤੀ ਸੰਸਾਰ ਵਿੱਚ ਜੀਵਨ ਦੀਆਂ ਮੁਸ਼ਕਲਾਂ ਨੂੰ ਪਾਰ ਕਰ ਸਕਦਾ ਹੈ। ਇਹ ਅਸਲ ਤੱਥ ਹੈ ਕਿ ਅਨੁਭਵ, ਪੜ੍ਹਨ ਅਤੇ ਨਿਰੀਖਣ ਤੋਂ ਅਸੀਂ ਗਿਆਨ ਪ੍ਰਾਪਤ ਕਰਦੇ ਹਾਂ। ਜਿਵੇਂ-ਜਿਵੇਂ ਸਮਾਂ ਬੀਤਦਾ ਹੈ, ਤਜਰਬਾ, ਗਿਆਨ ਅਤੇ ਦ੍ਰਿੜ ਵਿਸ਼ਵਾਸ ਸਾਨੂੰ ਇੱਕ ਸਰਗਰਮ ਮਨ, ਮਜ਼ਬੂਤ ? ?ਰਵੱਈਆ, ਸਿਆਣਪ, ਆਤਮ-ਵਿਸ਼ਵਾਸ, ਇੱਛਾ-ਸ਼ਕਤੀ ਪ੍ਰਦਾਨ ਕਰਦਾ ਹੈ, ਜੋ ਮਾਮਲਿਆਂ ਬਾਰੇ ਫੈਸਲਾ ਕਰਨ ਲਈ ਜ਼ਰੂਰੀ ਹੈ। ਫਿਰ ਕਿਸੇ ਦੀ ਅਭਿਲਾਸ਼ਾ ਉਸ ਮਿਸ਼ਨ ਨੂੰ ਪੂਰਾ ਕਰਨਾ ਜਾਂ ਸੰਸਾਰ ਵਿੱਚ ਉਸ ਨੂੰ ਪ੍ਰਾਪਤ ਕਰਨਾ ਹੋਵੇਗਾ, ਜੋ ਜੀਵਨ ਵਿੱਚ ਹਰ ਚੀਜ਼ ਨੂੰ ਦਿਲਚਸਪ ਬਣਾ ਦੇਵੇਗਾ ਅਤੇ ਇੱਕ ਵਿਅਕਤੀ ਨੂੰ ਆਪਣੀ ਯੋਜਨਾ ਅਨੁਸਾਰ ਸਾਰੇ ਮਾਮਲਿਆਂ ਨੂੰ ਪੂਰੀ ਸਫਲਤਾ ਨਾਲ ਪ੍ਰਾਪਤ ਕਰੇਗਾ। ਇਹੀ ਤਰੀਕਾ ਹੈ ਕਿ ਹਰ ਕਿਸੇ ਨੇ ਸੰਸਾਰ ਵਿੱਚ ਰਹਿਣਾ ਹੈ ਅਤੇ ਕਲਾ, ਸਾਹਿਤ, ਸੂਚਨਾ ਤਕਨਾਲੋਜੀ, ਖੇਤੀਬਾੜੀ, ਰਾਜਨੀਤੀ ਆਦਿ ਵਿੱਚ ਆਪਣੀ ਪੂਰੀ ਸਮਰੱਥਾ ਅਨੁਸਾਰ ਕੁਝ ਕਮਾਲ ਦੀ ਪ੍ਰਾਪਤੀ ਕਰਨੀ ਹੈ, ਨਾ ਸਿਰਫ ਮੌਜੂਦਾ ਸੰਸਾਰ ਲਈ, ਸਗੋਂ ਮਨੁੱਖਤਾ ਦੇ ਭਵਿੱਖ ਲਈ ਵੀ। . ਅਤੇ ਇਹ ਸਾਡੇ ਸਾਰਿਆਂ ਲਈ ਮਹੱਤਵਪੂਰਨ ਹੈ ਕਿ ਅਸੀਂ ਆਪਣੇ ਜੀਵਨ ਨੂੰ ਅਰਥ ਪ੍ਰਦਾਨ ਕਰੀਏ, ਤਾਂ ਜੋ ਅਸੀਂ ਆਪਣੇ ਟੀਚਿਆਂ, ਉਦੇਸ਼ਾਂ ਅਤੇ ਅਭਿਲਾਸ਼ਾਵਾਂ ਨੂੰ ਪ੍ਰਾਪਤ ਕਰ ਸਕੀਏ।ਸਭ ਤੋਂ ਵਧੀਆ ਸੰਭਵ ਤਰੀਕੇ ਨਾਲ. ਅਸਲ ਵਿੱਚ, ਉਹਨਾਂ ਨੂੰ ਜ਼ਰੂਰੀ ਗਿਆਨ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਉਹਨਾਂ ਨੂੰ ਜੀਵਨ ਵਿੱਚ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਉਹਨਾਂ ਦੇ ਆਪਣੇ ਯਤਨਾਂ ਨੂੰ ਬਾਹਰ ਲਿਆਉਣ ਵਿੱਚ ਮਦਦ ਕੀਤੀ ਜਾ ਸਕੇ। ਸਿੱਖਿਆ ਦਾ ਮੁੱਖ ਉਦੇਸ਼ ਆਪਣੇ ਮਨਾਂ ਨੂੰ ਸੁਧਾਰਨਾ ਹੈ ਤਾਂ ਜੋ ਅਸੀਂ ਦੂਜਿਆਂ ਦੇ ਵਿਚਾਰਾਂ ’ਤੇ ਚੱਲਣ ਦੀ ਬਜਾਏ ਆਪਣੀ ਸੋਚ ਨੂੰ ਉੱਚਾ ਚੁੱਕ ਸਕੀਏ। ਖੈਰ, ਸਾਰੇ ਵਿਦਿਆਰਥੀਆਂ ਨੂੰ ਵਿਸ਼ਵਾਸ ਕਰਨਾ ਚਾਹੀਦਾ ਹੈ ਕਿ ਸਿੱਖਿਆ ਦਾ ਉਦੇਸ਼ ਅਧਿਆਪਨ ਦੇ ਤਰੀਕਿਆਂ, ਵਿਹਾਰ ਅਤੇ ਲਾਗੂ ਕਰਨ ਦੇ ਦਿਲ ਅਤੇ ਦਿਮਾਗ ਵਿੱਚ ਹੈ। ਵਿਦਿਆਰਥੀਆਂ ਦੀਆਂ ਆਪਣੀਆਂ ਕਦਰਾਂ-ਕੀਮਤਾਂ ਅਤੇ ਅਨੁਭਵਾਂ ਤੋਂ ਪੈਦਾ ਹੋਣ ਵਾਲੇ ਵਿਸ਼ਵਾਸ ਹਮੇਸ਼ਾ ਉਨ੍ਹਾਂ ਦੇ ਕਰੀਅਰ ਅਤੇ ਜੀਵਨ ਵਿੱਚ ਪਹਿਲਾ ਮੋਰਚਾ ਲੈਂਦੇ ਹਨ। ਖੈਰ, ਇਹ ਇੱਕ ਸੱਚਾ ਤੱਥ ਹੈ ਕਿ ਸਕੂਲ ਤੋਂ ਅਸਲ ਸੰਸਾਰ ਵਿੱਚ ਗਿਆਨ ਦਾ ਤਬਾਦਲਾ ਉਹ ਚੀਜ਼ ਹੈ ਜੋ ਉਸ ਗਿਆਨ ਨੂੰ ਸਿੱਖਿਆ ਦੇ ਇੱਕ ਅਤਿ ਕਾਰਜ ਵਜੋਂ ਰੱਖਣ ਦੇ ਨਤੀਜੇ ਵਜੋਂ ਕੁਦਰਤੀ ਤੌਰ ’ਤੇ ਵਾਪਰਦੀ ਹੈ। ਇਹ ਇੱਕ ਚੰਗੀ ਤਰ੍ਹਾਂ ਪਰਿਭਾਸ਼ਿਤ ਅਤੇ ਸਟੀਕ ਕਥਨ ਹੈ ਕਿ ਸਿੱਖਿਆ ਦੀ ਭਾਸ਼ਾ ਨੂੰ ਸੁਣਨਾ ਜੋ ਸਿਖਿਆਰਥੀ ਦੀ ਬਜਾਏ ਗਿਆਨ ਅਤੇ ਸਿੱਖਿਆ ’ਤੇ ਪੂਰਾ ਧਿਆਨ ਦਿੰਦਾ ਹੈ। ਇਸ ਲਈ, ਵਿਦਿਆਰਥੀਆਂ ਤੋਂ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰਨ ਵਾਲੇ ਸਕੂਲਾਂ ਦੀ ਬਜਾਏ ਸਕੂਲਾਂ ਦੇ ਅਨੁਕੂਲ ਹੋਣ ਦੀ ਉਮੀਦ ਕੀਤੀ ਜਾਂਦੀ ਹੈ। ਇਸ ਲਈ, ਸਾਰੇ ਸਿੱਖਿਅਕਾਂ-ਅਧਿਆਪਕਾਂ-ਪ੍ਰੋਫੈਸਰਾਂ ਅਤੇ ਗਾਈਡਾਂ ਨੂੰ ਚੁਣੌਤੀ ਦਿੱਤੀ ਜਾਣੀ ਚਾਹੀਦੀ ਹੈ ਕਿ ਉਹ ਮੌਜੂਦਾ ਗਿਆਨ ਦੀ ਰੌਸ਼ਨੀ ਵਿੱਚ ਆਪਣੇ ਵਿਸ਼ਵਾਸਾਂ ਦੀ ਪਛਾਣ ਕਰਨ ਅਤੇ ਉਹਨਾਂ ਦੀ ਮੁੜ ਜਾਂਚ ਕਰਨ ਜੋ ਵਿਦਿਆਰਥੀਆਂ ਦੀ ਇੱਕ ਸਰਲ, ਉਪਯੋਗੀ ਅਤੇ ਆਸਾਨ ਤਰੀਕੇ ਨਾਲ ਮਦਦ ਕਰ ਸਕਦੇ ਹਨ। ਜਿਵੇਂ ਕਿ ਅਸੀਂ ਆਪਣੀ ਅਭਿਲਾਸ਼ਾ ਬਣਾਉਂਦੇ ਹਾਂ ਅਤੇ ਆਪਣੇ ਸਾਰੇ ਯਤਨਾਂ ਨੂੰ ਲਾਗੂ ਕਰਦੇ ਹਾਂ ਤਾਂ ਜੋ ਅਸੀਂ ਆਪਣੇ ਕੰਮ ਨਾਲ ਸਭ ਨੂੰ ਆਸਾਨੀ ਨਾਲ ਖੁਸ਼ ਕਰ ਸਕੀਏ ਅਤੇ ਜ਼ਿੰਦਗੀ ਵਿੱਚ ਆਪਣੀ ਅਸਲ ਮੰਜ਼ਿਲ ਨੂੰ ਪ੍ਰਾਪਤ ਕਰ ਸਕੀਏ। ਇਹ ਸਾਡੇ ਸਾਰਿਆਂ ਲਈ ਰੋਜ਼ਾਨਾ ਦਾ ਸਾਹਸ ਬਣ ਜਾਂਦਾ ਹੈ, ਕਿਉਂਕਿ ਸਾਨੂੰ ਰੁਟੀਨ ਸਥਿਤੀਆਂ ਮਿਲਦੀਆਂ ਹਨ ਜੋ ਜੀਵਨ ਅਤੇ ਕਿਸੇ ਦੇ ਚਰਿੱਤਰ ਬਾਰੇ ਡੂੰਘੇ ਅਤੇ ਅਸਲ ਸਬਕ ਲਿਆ ਸਕਦੀਆਂ ਹਨ। ਅਸੀਂ ਆਪਣੇ ਕੰਮ, ਸਾਡੇ ਨਿੱਜੀ ਜੀਵਨ ਅਤੇ ਦੂਜਿਆਂ ਦੇ ਜੀਵਨ ਵਿੱਚ ਵੀ ਪ੍ਰਮਾਤਮਾ ਦੀ ਮਹਿਮਾ, ਸ਼ਕਤੀ ਅਤੇ ਬੁੱਧੀ ਨੂੰ ਦੇਖਦੇ ਹਾਂ। ਜਿਵੇਂ ਕਿ ਅਸੀਂ ਉਸ ਚੀਜ਼ ਦੀ ਭਾਲ ਨਹੀਂ ਕਰਨਾ ਸਿੱਖਦੇ ਹਾਂ ਜੋ ਅਸੀਂ ਚਾਹੁੰਦੇ ਹਾਂ, ਪਰ ਜੋ ਸਹੀ ਹੈ. ਇਸ ਲਈ, ਅਸੀਂ ਹਮੇਸ਼ਾਂ ਉਸ ਦੀ ਸ਼ਾਂਤੀ ਅਤੇ ਅਨੰਦ ਵਿੱਚ ਪ੍ਰਵੇਸ਼ ਕਰਦੇ ਹਾਂ ਜੋ ਚੰਗਾ, ਆਸਾਨ, ਅਸਲੀ ਅਤੇ ਪ੍ਰਸੰਨ ਹੁੰਦਾ ਹੈ। ਸਾਡੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਸਾਡੀਆਂ ਜ਼ਿੰਮੇਵਾਰੀਆਂ ਅਤੇ ਸ਼ਮੂਲੀਅਤਾਂ ਹੋਰ ਵੀ ਉਤਸ਼ਾਹਿਤ ਹੋ ਜਾਂਦੀਆਂ ਹਨ ਕਿ ਅਸੀਂ ਆਪਣੇ ਕੰਮ ਦਾ ਆਨੰਦ ਲੈਣਾ ਸ਼ੁਰੂ ਕਰਦੇ ਹਾਂ, ਆਪਣੇ ਯਤਨਾਂ ’ਤੇ ਵਿਸ਼ਵਾਸ ਕਰਦੇ ਹਾਂ ਅਤੇ ਆਪਣੀ ਸਕਾਰਾਤਮਕ ਸੋਚ ਨੂੰ ਜਾਰੀ ਰੱਖਦੇ ਹਾਂ।

# ਆਪ ਸਰਕਾਰ ਝੂਠ ਬੋਲਣ ‘ਚ ਮਾਹਿਰ, ਪੀਐਸਪੀਸੀਐਲ ਦੀ ਵੈਬਸਾਈਟ ਮੁਤਾਬਕ ਸਰਕਾਰ 7475 ਕਰੋੜ ਰੁਪਏ ਦੀ ਦੇਣਦਾਰ–ਸੁਖਬੀਰ ਬਾਦਲ

**ਜਲੰਧਰ/ਰਾਕੇਸ਼ ਵਰਮਾ**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਇਹ ਝੂਠ ਬੋਲਣ ਕਿ ਉਸਨੇ ਪੀਐਸਪੀਸੀਐਲ ਦਾ ਕੋਈ ਬਕਾਇਆ ਨਹੀਂ ਦੇਣਾ, ਦੀ ਜ਼ੋਰਦਾਰ ਨਿਖੇਧੀ ਕੀਤੀ ਅਤੇ ਕਿਹਾ ਕਿ ਅਸਲੀਅਤ ਇਹ ਹੈ ਕਿ ਸੂਬੇ ਦੀ ਬਿਜਲੀ ਕੰਪਨੀ ਨੇ ਸਰਕਾਰੀ ਰਿਕਾਰਡ ਮੁਤਾਬਕ ਸਰਕਾਰ ਤੋਂ 7475 ਕਰੋੜ ਰੁਪਏ ਦਾ ਬਕਾਇਆ ਲੈਣਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ



ਪੀਐਸਪੀਸੀਐਲ ਦਾ ਬਕਾਇਆ ਹੋਰ ਜ਼ਿਆਦਾ ਹੋ ਸਕਦਾ ਹੈ, ਕਿਉਂਕਿ ਆਪ ਸਰਕਾਰ ਵਿੱਤੀ ਅੰਕੜਿਆਂ ਦਾ ਹੇਰ ਫੇਰ ਕਰਨ ਵਿਚ ਮਾਹਿਰ ਹੈ। ਉਹਨਾਂ ਕਿਹਾ ਕਿ ਪੀਐਸਪੀਸੀਐਸ ਵੈਬਸਾਈਟ ਦੇ ਮੁਤਾਬਕ ਬਿਜਲੀ ਕੰਪਨੀ ਨੇ ਸਰਕਾਰ ਤੋਂ ਸਬਸਿਡੀ ਦਾ 4870 ਕਰੋੜ ਰੁਪਏ ਬਕਾਇਆ ਲੈਣਾ ਹੈ ਜਦੋਂ ਕਿ ਸਰਕਾਰੀ ਵਿਭਾਗਾਂ ਦੇ 2605 ਕਰੋੜ ਰੁਪਏ ਦੇ ਬਿਜਲੀ ਬਿੱਲਾਂ ਦਾ ਬਕਾਇਆ ਲੈਣਾ ਹੈ। ਉਹਨਾਂ ਕਿਹਾ ਕਿ ਇਸ ਤੋਂ ਸਪਸ਼ਟ ਹੈ ਕਿ ਵਿੱਤ ਮੰਤਰੀ ਸ੍ਰੀ ਹਰਪਾਲ ਚੀਮਾ ਝੂਠ ਬੋਲ ਰਹੇ ਹਨ ਕਿ ਪੰਜਾਬ ਸਰਕਾਰ ਨੇ ਪੀਐਸਪੀਸੀਐਲ ਦਾ ਕੋਈ ਬਕਾਇਆ ਨਹੀਂ ਦੇਣਾ।

ਸਰਦਾਰ ਬਾਦਲ ਨੇ ਕਿਹਾ ਕਿ ਆਪ ਸਰਕਾਰ ਦੇ ਰਾਜ ਵਿਚ ਪੰਜਾਬ ਵਿਚ ਵਿੱਤੀ ਤੇ ਬਿਜਲੀ ਸੰਕਟ ਮਨੁੱਖ ਵੱਲੋਂ ਆਪ ਸਹੇੜਿਆ ਸੰਕਟ ਹੈ। ਉਹਨਾਂ ਕਿਹਾ ਕਿ ਸੂਬਾ ਸਰਕਾਰ ਨੇ ਇਸ ਸਾਲ 45000 ਕਰੋੜ ਰੁਪਏ ਦਾ ਕਰਜ਼ਾ ਲਿਆ ਸੀ ਪਰ ਫਿਰ ਵੀ ਉਹ ਪੀਐਸਪੀਸੀਐਲ ਦੇ ਬਕਾਏ ਦੇਣ ਵਿਚ ਨਾਕਾਮ ਰਹੀ ਹੈ।